ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

'ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥'

'ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮਪਦੁ ਪਾਇਯਉ ॥'

OCT 1990

## ਧੰਨੁ ਧੰਨੁ ਰਾਮਦਾਸ ਗੁਰੁ

## ਜਿਨਿ ਸਿਰਿਆ ਤਿਨੈ ਸਵਾਰਿਆ

ਅਕਤੂਬਰ ੧੯੯੦

ਸ੍ਰੀ ਗੁਰੂ ਰਾਮਦਾਸ ਜੀ ਪ੍ਰਕਾਸ਼ ਗੁਰਪੁਰਬ

੬ ਅਕਤੂਬਰ ੧੯੯੦ ਨੂੰ ਸਿਖ ਸੰਗਤਾਂ ਧੂਮ ਧਾਮ ਨਾਲ ਮਨਾਂਦੀਆਂ ਹਨ।

www.AKJ.Org

# ਤ ਤ ਕ ਰ ਾ


| | | |
|---|---|---|
| ਬਾਣੀ ਗੁਰੂ ਗੁਰੂ ਹੈ ਬਾਣੀ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| 'ਸੱਚੁ' ਕੀ ਹੈ ? (੨) | ੪ | " " " |
| 'ਸਬਦੁ ਗੁਰੂ ਸੁਰਤਿ ਧੁਨਿ ਚੇਲਾ' | ੧੦ | ਭਾਈ ਮਦਨ ਸਿੰਘ ਜੀ ਯੂ.ਕੇ. |
| ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਗੁਰੂ-ਸਿੰਘਾਸਣ-ਕਾਲ | ੧੪ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| 'ਸ੍ਰੀ ਗੁਰ ਰਾਮਦਾਸ ਜਪੋ ਜਯ ਜਗ ਮਹਿ' | ੧੮ | – – – |
| ਗੁਰੂ ਮਾਨਿਓ ਗ੍ਰੰਥ | ੨੨ | ਭਾਈ ਸੁਖਬੀਰ ਸਿੰਘ ਖ਼ਾਲਸਾ |
| 'ਗੁਰਮਤਿ ਮਤਿ ਅਚਲੁ ਹੈ' | ੨੩ | ਭਾਈ ਰਾਮ ਸਿੰਘ ਜੀ, ਯੂ ਕੇ. |
| ਸ਼ਬਦ-ਗੁਰੂ ਸਿਧਾਂਤ ਤੇ ਦੇਹਧਾਰੀ ਗੁਰੂ | ੨੫ | ਡਾ: ਬਰਜਿੰਦਰ ਸਿੰਘ ਜੀ |
| ਮਾਡਲ ਟੈਸਟ ਪੇਪਰ ਸ੍ਰੀ ਰਹਰਾਸਿ | ੨੭ | ਗੁਰਬਾਣੀ ਥਰੈਪੀ ਟ੍ਰਸਟ |
| ਭਗਤੀ ਤੇ ਸ਼ਕਤੀ | ੩੦ | ਪ੍ਰਿੰਸੀਪਲ ਸੁਰਜੀਤ ਸਿੰਘ ਜੀ |
| ਖ਼ਾਲਸਾ ! ਸੰਭਾਲ ਆਪਣਾ ਵਿਰਸਾ | ੩੧ | ਭਾਈ ਨਰੈਣ ਸਿੰਘ ਜੀ ਐਮ. ਏ. |
| ਇਕ ਵਿਦਵਾਨ ਮਹਾਂਪੁਰਖ (ਅਕਾਲੀ ਕੌਰ ਸਿੰਘ ਜੀ) | ੩੪ | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ |
| ਖ਼ਾਲਸੇ ਦਾ ਕਿਰਦਾਰ (ਕਵਿਤਾ) | ੩੬ | ਸ: ਅਤਰ ਸਿੰਘ ਜੀ ਨੀਰ |
| ਭਾਈ ਸਾਹਿਬ ਰਣਧੀਰ ਸਿੰਘ ਵਿਸ਼ੇਸ਼ ਅੰਕ | ੩੭ | ਪੰਜਾਬੀ ਯੂਨੀਵਰਸਿਟੀ ਪਟਿਆਲਾ |
| ਭੂਰਿਆਂ ਵਾਲੇ ਰਾਜੇ ਕੀਤੇ (੧੨) | ੩੮ | ਕੈਪਟਨ ਸਵਰਨ ਸਿੰਘ ਜੀ |


ਸ੍ਰੀ ਗੁਰੂ ਰਾਮਦਾਸ ਜੀ ਪ੍ਰਕਾਸ਼ ਦਿਵਸ ੬ ਅਕਤੂਬਰ

| | | | |
|---|---|---|---|
| ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਿਆਈ | ੧੨ ਅਕਤੂਬਰ | ਸ੍ਰੀ ਗੁਰੂ ਹਰਿਰਾਇ ਜੀ ਜੋਤੀ ਜੋਤਿ | ੧੨ ਅਕਤੂਬਰ |
| ਸ੍ਰੀ ਗੁਰੂ ਗ੍ਰੰਥ ਸਾਹਿਬ ਗਦੀ ਨੰਦੇੜ | ੨੦ ਅਕਤੂਬਰ | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ | ੨੩ ਅਕਤੂਬਰ |

ਥਾਂ ਥੁੜ ਜਾਣ ਕਰਕੇ ਐਤਕੀ ਸ਼ਹੀਦੀ ਤੇ ਪੀੜਤ ਪਰਵਾਰ ਫੰਡ ਅਤੇ 'ਸੂਰਾ' ਸਹ ਮਿਤ੍ਰ ਨਹੀਂ ਦੇ ਸਕੇ

## ਜ਼ਰੂਰੀ ਨੋਟ

ਪਰਦੇਸਾਂ ਵਿਚ ਵਸਦੇ ਸਜਣ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਤੇ ਟਰੈਕਟ, ਗੁਰਬਾਣੀ ਦੇ ਗੁਟਕੇ ਅਤੇ ਹੋਰ ਧਾਰਮਿਕ ਤੇ ਇਤਿਹਾਸਕ ਪੁਸਤਕਾਂ ਅਤੇ Sikh Religious Symbols (ਕੰਘੇ, ਕੜੇ, ਕ੍ਰਿਪਾਨਾਂ ਆਦਿ) ਮੰਗਵਾਣ ਲਈ ਰਕਮ ਦਾ ਡਰਾਫ਼ਟ ਸੂਰਾ ਮੰਥਲੀ ਜਾਂ ਅਖੰਡ ਕੀਰਤਨੀ ਜਥੇ ਦੇ ਨਾਮ ਉਤੇ ਨਾ ਭੇਜਣ ਸਗੋਂ ਹਮੇਸ਼ਾ ਵਖਰੇ ਡਰਾਫਟ ਰਾਹੀਂ ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ ਦੇ ਨਾਂ ਤੇ ਰਕਮ ਭੇਜੋ ਜੀ। ਇਹ R.B.I. ਦੇ Rules ਦੀਆਂ ਪਾਬੰਦੀਆਂ ਕਾਰਨ ਜ਼ਰੂਰੀ ਹੈ।

ਪਿੰਡ ਧੰਦੋਈ (ਨੇੜੇ ਬਟਾਲਾ) ਭਾਈ ਸੁਰਜੀਤ ਸਿੰਘ (ਨਿਹੰਗ) ਦੇ ਗ੍ਰਹਿ ੧੯ ਤੋਂ ੨੧ ਅਕਤੂਬਰ ਅਖੰਡਪਾਠ, ਉਪਰੰਤ ਕੀਰਤਨ


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੧੦-੯੦ ਨੂੰ ਪ੍ਰਕਾਸ਼ਤ ਕੀਤਾ।



www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ।

# ਸੂਰਾ

ਮਾਸਿਕ ਪੱਤਰ

ਸ੍ਰੀ ਅੰਮ੍ਰਿਤਸਰ


ਸਾਲਾਨਾ ਚੰਦਾ

ਦੇਸ ੨੦-੦੦

ਇਕ ਪਰਚਾ ੨-੦੦

ਪਰਦੇਸ (ਸਾਰੇ ਦੇਸ)

ਸਾਲਾਨਾ ਚੰਦਾ

ਸਮੁੰਦਰੀ ਡਾਕ ੫੦-੦੦

ਹਵਾਈ ਡਾਕ ੧੫੦-੦੦

Foreign Subscription

Sea Mail 40-00

Air Mail 150-00

ਅਮਾਨਤੀ

ਲਾਈਫ ਮੈਂਬਰ

ਦੇਸ ੨੦੦-੦੦

ਪਰਦੇਸ (ਸਾਰੇ ਦੇਸ)

ਸਮੁੰਦਰੀ ਡਾਕ ੫੦੦-੦੦

ਹਵਾਈ ਡਾਕ ੧੫੦੦-੦੦


## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ


ਜਿਲਦ ੨੪ ਅਕਤੂਬਰ ੧੯੯੦ ਅੰਕ ੧੦


## ਬਾਣੀ ਗੁਰੂ ਗੁਰੂ ਹੈ ਬਾਣੀ

'ਧੁਰ ਕੀ ਬਾਣੀ' ਕੇਵਲ ਗੁਰਬਾਣੀ ਹੀ ਹੈ। ਅਕਾਲ ਪੁਰਖ ਗੁਰ-ਗਿਆਨ-ਜੋਤਿ-ਪ੍ਰਕਾਸ਼ਕ ਬਾਣੀ ਹੈ ਤਾਂ ਕੇਵਲ ਗੁਰਬਾਣੀ ਹੈ। ਅਕਾਲ ਪੁਰਖ ਦੇ ਤੱਤ ਜੋਤਿ ਦੇ ਪ੍ਰਕਾਸ਼ ਕਰਨਹਾਰੀ ਹੋਣ ਕਰਿ, ਕੇਵਲ ਗੁਰਬਾਣੀ ਹੀ ਗੁਰੂ ਪਦ ਨਾਲ ਸਸ਼ੋਭਤ ਹੈ ਅਤੇ ਏਸੇ ਗੁਰ-ਗਿਆਨ-ਜੋਤਿ-ਪ੍ਰਕਾਸ਼ਕ ਗੁਰਬਾਣੀ ਦੇ ਬੋਹਿਥ ਹੋਣ ਕਰਿ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਗੁਰੂ ਪਦ ਪ੍ਰਾਪਤ ਹੈ। ਏਸੇ ਗੁਰਬਾਣੀ ਰੂਪੀ ਗੁਰੂ-ਮਤਿ ਗੁਣਾਂ ਦੇ ਗੁਰ-ਗਿਆਨ ਧਿਆਨ ਨੂੰ ਅੰਮ੍ਰਿਤ ਭਰਪੂਰਿੰਨੀ ਕਲਾ ਪ੍ਰਾਪਤ ਹੈ।

ਗੁਰੂ ਕੀ ਬਾਣੀ ਬਾਣੀਆਂ ਸਿਰ ਬਾਣੀ ਹੈ। ਧੁਰੋਂ ਆਈ ਤੱਤ ਵਖਾਣੀ ਅੰਮ੍ਰਿਤ ਬਾਣੀ ਗੁਰ ਗਿਆਨ ਗੁਰ ਧਿਆਨ ਵਿਚ ਆਈ ਅੰਮ੍ਰਿਤ ਬਾਣੀ ਹੈ। ਵਾਸਤਵ ਵਿਚ ਇਹੋ ਗੁਰ ਗਿਆਨ ਧੁਰ ਧਿਆਨ ਹੈ। ਇਹੋ ਧੁਰ ਗੁਰ ਗਿਆਨ ਗੁਰ ਧਿਆਨ ਹੀ ਗੁਰਮਤਿ ਨਾਮ ਰੂਪੀ ਬੀਜ ਮੰਤ੍ਰ ਵਿਚ ਅਵਤਰ ਕੇ ਸਮੱਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਗੁਰੂ ਜਾਮੇ ਅੰਦਰ ਪ੍ਰਵੇਸ਼ ਹੈ। ਇਹੀ ਅੰਮ੍ਰਿਤ ਨਾਮ ਤੱਤ ਬਾਣੀ ਮਈ ਗੁਰ ਗਿਆਨ ਅਰ ਧਿਆਨ ਤੱਤ ਸਿਉਂ ਤੱਤ ਮਿਲਾਉਣ ਨੂੰ ਸਮਰੱਥ ਹੈ।

[ਭਾ: ਸਾ: ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕ
'ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ" ਵਿਚ ਕੀਤੀ ਵਿਆਖਿਆ

# 'ਸਚੁ' ਕੀ ਹੈ? (੨)

[ਗੁਰਪੁਰਬ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

(ਲੜੀ ਜੋੜਨ ਲਈ ਵੇਖੋ ਸੂਰਾ ਸਤੰਬਰ ੧੯੯੦)

'ਸਚੁ' ਦੇ ਆਨ-ਮਤ ਮੁਤਲਾਸ਼ੀ, 'ਸਚੁ' ਦੇ ਟੋਲਣ ਲਈ ਬਾਹਜ-ਮੁਖੀ ਤਲਾਸ਼ ਤਲਾਸ਼ਦੇ ਹਨ। ਤਿਨ੍ਹਾਂ ਦੀ ਇਹ ਤਲਾਸ਼ ਅਉਝੜੀਂ ਫਿਰਨ ਵਾਲੀ ਬੇਹੂਦਗੀ ਹੈ। ਕੋਈ ਕੁਦਰਤ ਦੇ ਪਸਾਰੇ ਵਿਚਿ 'ਸਚੁ' ਨੂੰ ਭਾਲਦਾ ਹੈ। ਕੋਈ ਦ੍ਰਿਸ਼ਟਮਾਨ ਕੁਦਰਤੀ ਨਜ਼ਾਰਿਆਂ ਵਿਚ 'ਸਚੁ' ਨੂੰ ਟੋਲਦਾ ਹੈ। ਕੋਈ ਬਨਾਂ ਕੰਦਰਾਂ ਪਹਾੜਾਂ ਵਿਚਿ 'ਸਚੁ' ਦੀ ਲਭਤਾ ਲਈ ਪਰੇਸ਼ਾਨ ਫਿਰਦਾ ਹੈ। ਕੋਈ ਡੂੰਗਰ, ਥਲਾਂ, ਜੰਗਲਾਂ ਵਿਚ 'ਸਚੁ' ਨੂੰ ਢੂੰਡਣ ਦੀ ਸਿਰ-ਖਪਾਈ ਕਰਦਾ ਹੈ। ਇਸ ਪ੍ਰਕਾਰ ਮਨੋ ਮਈ ਕਿਆਸਾਂ ਖਬਤਾਂ ਵਿਚਿ ਹਰ ਕੋਈ ਖਪਿ ਖਪਿ ਮਰਦਾ ਹੈ। ਪ੍ਰੰਤੂ ਮੇਰੇ ਸਤਿਗੁਰੂ, ਹਾਦੀਏ ਦੋ ਜਹਾਨ ਨੇ ਆਪਣੇ ਸਿਖ ਮੁਰੀਦਾਂ ਨੂੰ ਬਾਹਰ ਦੀਆਂ ਢੂੰਡਾਂ ਤੋਂ ਛੁਡਾਇਆ, ਘਰ ਹੀ ਮਾਹਿ, ਆਹਾ! ਘਟ ਹੀ ਮਾਹਿ 'ਸਚੁ' ਨੂੰ ਪਰਤੱਖ ਦਿਖਾਇਆ। ਜਿਸ ਵਡਭਾਗੇ ਗੁਰਸਿਖ ਨੇ ਗੁਰ-ਦੀਖਿਆ ਦੁਆਰਾ ਨਿਜ ਘਟ ਅੰਦਰੇ ਅੰਦਰਿ 'ਸਚੁ' ਦਾ ਸਪੇਖਸ਼ ਨਜ਼ਾਰਾ ਦੇਖਿਆ, ਉਹ ਬੇਹਦ ਖ਼ੁਸ਼ੀ ਵਿਚਿ ਗੱਦ ਗੱਦ ਹੋ ਕੇ ਉਛਲ ਉਠਿਆ ਅਤੇ ਢੰਡੋਰਾ ਦੇਣੋਂ ਨਹੀਂ ਰੁਕ ਸਕਿਆ :—

ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲਾ ॥
ਸਚਿ ਟਿਕੈ ਘਰਿ ਆਇ ਸਬਦਿ ਉਤਾਵਲਾ ॥੧॥੧੭॥ (ਆਸਾ ਮ: ੧, ਪੰਨਾ ੪੨੦)

ਆਹਾ! ਜਿਸ ਨੇ ਗੁਰ ਪ੍ਰਸਾਦ ਕਰਿ ਅੰਦਰੋਂ ਹੀ, ਘਟ ਅੰਦਰੋਂ ਹੀ, ਘਰ ਵਿਚੋਂ ਹੀ 'ਸਚੁ' ਨੂੰ ਲਭ ਲਿਆ, ਉਸ ਦੀ ਅਤਿ ਅਨੂਠੀ ਬਿਗਲ-ਬੋਲਾਰ ਝੂਠੀ ਨਹੀਂ, ਬਿਰਥੀ ਨਹੀਂ ਕਿ ਹੁਣ ਜੰਗਲਾਂ ਵਿਚ ਜਾ ਕੇ ਢੂੰਡਣ ਵਿਚ ਕੀ ਪਿਆ ਹੈ, ਕਾਹਨੂੰ ਜੰਗਲ ਢੂੰਡਣੇ ਹਨ, ਮੇਰੇ ਘਰ ਘਟ ਅੰਦਰ ਹੀ ਬਨ ਉਪਬਨੀ ਜਰ-ਜੋਤਿ-ਵਿਗਾਸੀ ਬਾਗ ਬਗੀਚਾ ਲਹਿਲਹਾ ਉਠਿਆ ਹੈ, ਹਰਿਆ ਭਰਿਆ ਹੋ ਗਿਆ ਹੈ—

ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥ (ਸਲੋਕ ਮ: ੪, ਪੰਨਾ ੮੪੯)

ਦਿਬ-ਜੋਤਿ-ਜਲਵਨਾ 'ਸਚੁ' ਘਟ-ਰੂਪੀ ਘਰ ਮਾਹਿੰ ਹੀ ਆਣਿ ਪ੍ਰਗਟ ਹੋਇਆ ਅਤੇ ਰਸ-ਜੋਤਿ ਰਤੰਨਾ ਸਚੁ ਘਰ ਵਿਖੇ ਹੀ ਆਣਿ ਟਿਕਿਆ ਅਤੇ ਤਿਸ ਸੱਚ, ਘਟ-ਪ੍ਰਗਟੰਨੇ ਸੱਚ ਵਿਖੇ ਹੀ ਮੇਰੀ ਟੇਕ ਹੋ ਗਈ ਹੈ। ਇਸ ਜਲਵ ਜਲਾਲੀ, ਜੋਤਿ ਜਮਾਲੀ ਸੱਚ ਦਾ ਘਟ ਵਿਖੇ ਆਇ ਪ੍ਰਗਟ ਹੋਣਾ, ਘਰ ਵਿਖੇ ਆਇ ਟਿਕਣਾ, ਇਸ ਭਾਨਾਂ ਭਾਂਨ ਸੱਚ ਵਿਖੇ ਗੁਰਸਿਖ ਜਗਿਆਸੂ ਦੀ ਟੇਕ ਹੋ ਜਾਣਾ, ਗੁਰ ਸ਼ਬਦ ਗੁਰਮੰਤ੍ਰ ਦੇ ਪ੍ਰਤਾਪ ਕਰਿ ਹੀ ਹੈ। ਗੁਰ ਸ਼ਬਦ ਗੁਰ-ਦੀਖਿਅਤ ਮੰਤ੍ਰ ਦੀ ਕਮਾਈ ਦੀ ਚੁੰਭਕ ਪਾਰਸ-ਕਲਾ ਦੇ ਤੁਫ਼ੈਲ ਅਚੰਭਾ ਇਹ ਹੁੰਦਾ ਹੈ ਕਿ ਇਸ ਗੁਰਮਤਿ ਖੋਜ ਢੂੰਡ ਤਲਾਸ਼ ਨੂੰ ਸੱਚ ਮਿਲਾਪ ਬਹੁਤ ਉਤਾਵਲਾ ਹੋ ਕੇ ਮਿਲਦਾ ਹੈ। ਬਹਿ-ਰੰਗੀ (ਬਾਹਰ ਦੇ) ਸੱਚ-ਮੁਤਲਾਸ਼ੀਆਂ ਵਾਂਗੂ ਲੰਮੀਆਂ ਤੇ ਬਿਰਥੀਆਂ ਖੋਜਾਂ ਵਿਚ ਗਲਤਾਨ ਨਹੀਂ ਹੋਣਾ ਪੈਂਦਾ। ਘਟਿ ਮੇਲ ਮਿਲੇ ਸੁਭਾਗ ਮੁਤਲਾਸ਼ੀਆਂ ਸ਼ਬਦ-ਅਭਿਆਸੀਆਂ ਨੂੰ ਸੱਚ ਦਾ ਘਟਿ ਚਮਤਕਾਰ ਹੋਣ ਕਰਿ, ਰਸ-ਵਿਗਾਸ-ਮਈ ਸ਼ਬਦ-ਅਭਿਆਸ ਦੀ ਐਸੀ ਟੇਵ ਟਿਵਾਸ ਹੋ ਜਾਂਦੀ ਹੈ ਕਿ ਜੋਤਿ-ਉਜਿਆਰਿ ਸ਼ਬਦ-ਰਸੀਆ ਇਸ ਟੇਵ ਨੂੰ ਛਡ ਨਹੀਂ ਸਕਦਾ, ਦਿਨੋ ਦਿਨ ਪਲੋ ਪਲ ਦੂਣ ਸਵਾਏ ਰਸ ਅਭਿਆਸ ਵਿਚਿ ਅਰੂੜ ਹੋ ਜਾਂਦਾ ਹੈ। ਜਿਸ ਦਾ ਪਾਰਸੀ ਪ੍ਰਤਾਪੀ ਫਲ ਇਹ ਹੁੰਦਾ ਹੈ ਕਿ ਘਟ ਵਿਚਿ ਆਇ ਟਿਕੇ (ਪ੍ਰਗਟੇ) ਸੱਚ ਦੀ ਟੇਕ ਪਸਰੇਕ ਕੇਵਲ ਘਟ ਅੰਦਰੇ ਹੀ ਨਹੀਂ ਰਹਿੰਦੀ, ਬਲਕਿ—

ਜਹ ਦੇਖਾ ਤਹ ਸੋਇ ਅਵਰੁ ਨ ਜਾਣੀਐ ॥ ਗੁਰ ਕੀ ਕਾਰ ਕਮਾਇ ਮਹਲੁ ਪਛਾਣੀਐ ॥ (ਪੰਨਾ ੪੨੦)

ਗੁਰਵਾਕ ਦੇ ਭਾਵ ਵਾਲੀ ਅਤਿ ਅਸਚਰਜ ਖੇਲ ਵਰਤ ਜਾਂਦੀ ਹੈ। ਪ੍ਰਿਥਮ ਸਚ-ਜੋਤਿ-ਪ੍ਰਕਾਸ਼ ਦਾ ਘਟ ਅੰਤਰੇ ਹੀ ਪੇਖਣਹਾਰਾਂ ਗੁਰਮੁਖ ਫਿਰ ਬਰਮਲਾ (ਅਲਲ ਇਲਾਨੀਆ) ਪੁਕਾਰ ਉਠਦਾ ਹੈ, ਸ਼ਾਹਦੇ ਹਾਲ ਹੋ ਕੇ ਸਾਖਾ ਭਰਦਾ ਹੈ ਕਿ ਹੁਣ ਮੈਂ ਤਿਸ ਸੱਚ ਦੇ ਪ੍ਰਕਾਸ਼ ਨੂੰ ਕੇਵਲ ਘਟ ਅੰਦਰ ਹੀ ਨਹੀਂ ਦੇਖਦਾ, ਬਲਕਿ ਅੰਦਰ,


www.AKJ.Org

ਬਾਹਰ, ਆਲੇ ਦੁਆਲੇ, ਚਾਰ ਚੁਫੇਰੇ, ਧਰਤ, ਪਤਾਲ, ਅਕਾਸ਼ ਵਿਖੇ ਸਾਰੇ ਹੀ, ਜਿਥੇ ਜਿਥੇ ਭੀ ਗੁਰਪ੍ਰਸਾਦਿ ਪ੍ਰਾਪਤਿ ਹੋਈ ਦਿਬ ਦ੍ਰਿਸ਼ਟਿ ਦੁਆਰਾ ਨਜ਼ਰ ਮਾਰਦਾ ਹਾਂ ਤਾਂ ਤਿਸੇ ਸੱਚ ਦੇ ਪ੍ਰਕਾਸ਼ ਨੂੰ ਹੀ ਸਾਂਗੋ ਪਾਂਗ ਪੇਖਦਾ ਹਾਂ। ਐਥੋਂ ਤਾਈਂ ਕਿ ਗੁਰ ਕੀ ਕਾਰ, ਗੁਰ ਦ੍ਰਿੜ੍ਹਾਈ ਕਾਰ, ਗੁਰਪ੍ਰਸਾਦੀ ਪ੍ਰਾਪਤ, ਦ੍ਰਿੜ੍ਹ ਹੋਈ ਕਾਰ ਨੂੰ ਕਮਾ ਕੇ 'ਸਚੁ' ਰੂਪੀ ਸਚੇ ਦਾ ਸੱਚਾ ਮਹਲੁ ਭੀ ਪਛਾਣ ਲਈਦਾ ਹੈ। ਗੁਰ ਸ਼ਬਦ ਅਭਿਆਸ ਦੀ ਸੱਚ ਕਮਾਈ ਦਾ ਏਹ ਸੱਚਾ ਪ੍ਰਤਾਪ ਵਰਤਦਾ ਹੈ ਕਿ ਸੱਚ ਮਹਲੀ ਮਹਲ ਰਸਾਈ ਹੋ ਜਾਂਦੀ ਹੈ। ਇਸ ਪਦ ਪ੍ਰਾਪਤ ਹੋ ਕੇ ਭਰਮ-ਤਾਕ ਖੁਲ੍ਹਦੇ ਹਨ ਕਿ 'ਸਚੁ' ਸੱਚ-ਮੁਚ ਸੱਚਾ ਵਾਹਿਗੁਰੂ ਹੀ ਹੈ। ਵਾਹਿਗੁਰੂ ਬਿਨਾਂ ਹੋਰ 'ਸੱਚ' ਕੋਈ ਨਹੀਂ।

ਵਾਹਿਗੁਰੂ ਆਪ ਅਤੇ ਵਾਹਿਗੁਰੂ ਨਾਮ ਹੀ ਤੱਤ ਸੱਚ ਹੈ। ਸਚਮੁਚ ਇਸ ਸਰੂਪ ਲਖਸ਼ਣੀ ਅਰਥਾਂ ਵਿਚਿ ਸਾਰੇ ਗੁਰਬਾਣੀ ਵਿਖੇ ਸੱਚ ਦਾ ਵਰਨਣ ਵਿਸਥਾਰ ਹੈ। ਸੱਚਾ ਵਾਹਿਗੁਰੂ ਇਸ ਆਪਣੇ ਸੱਚ ਸਰੂਪ ਨੂੰ ਆਪਣੀ ਕਿਰਪਾ ਕਰਿ ਮਿਲਾਵੇ ਤਾਂ ਮਿਲਾਵੇ, ਆਪੋਂ ਕੋਈ ਨਹੀਂ ਮਿਲ ਸਕਦਾ, ਗੁਰ-ਪ੍ਰਸਾਦ ਕਰਿ ਹੀ ਮਿਲਦਾ ਹੈ। ਜਿਸ ਗੁਰਮੁਖ ਜਨ ਉਤੇ ਸੱਚ ਸਰੂਪ ਵਾਹਿਗੁਰੂ ਸੱਚਾ ਆਪ ਤੁਠਦਾ ਹੈ, ਤਿਸ ਨੂੰ ਸੱਚਾ ਸਤਿਗੁਰੂ ਮਿਲਾਉਂਦਾ ਹੈ। ਸੱਚੇ ਸਤਿਗੁਰੂ ਦੇ ਪ੍ਰਸਾਦ ਕਰਿ ਇਸ ਨੂੰ ਗੁਰਮੰਤ੍ਰ ਗੁਰ-ਦੀਖਿਆ ਮਿਲਦੀ ਹੈ। ਤਿਸ ਗੁਰ-ਦੀਖਿਆ ਦੀ ਗੁਰ-ਨਦਰ-ਮਿਹਰਾਵਲੀ ਕਮਾਈ ਜੋਈ ਗੁਰਮੁਖ ਜਨ ਕਰਦਾ ਹੈ, ਸੋਈ ਉਪਰ ਦਰਸਾਏ ਸੱਚ ਮੇਲ ਨੂੰ ਮਿਲਦਾ ਹੈ। ਇਸ ਬਿਧਿ ਸੱਚ ਨੂੰ ਮਿਲਿਆਂ ਸੱਚ ਦੀ ਪ੍ਰਤੀਤ, ਸ਼ਰਧਾ-ਭਾਵਨੀ ਆਂਵਦੀ ਹੈ ਅਤੇ ਸਦਾ ਸੱਚੀ ਹੁਕਮ-ਰਜ਼ਾਇ ਚਲਿਆਂ, ਸਚੇ ਦੀ ਸੱਚ ਅਤੁਟ ਅਭਿਆਸ ਕਮਾਈ ਕਰਦਿਆਂ, ਸੱਚੇ ਪ੍ਰੀਤਮ ਵਾਹਿਗੁਰੂ ਮਾਅਸ਼ੂਕ, ਮਹਿਬੂਬ ਦੇ ਅੰਕ ਵਿਚਿ ਸਮਾਇ ਕੇ, ਸੱਚੇ ਵਸਲ ਮਿਲਾਪ ਦਾ ਅਨੰਦ ਮਾਣਦਾ ਹੈ, ਯਥਾ-

ਆਪਿ ਮਿਲਾਵੈ ਸਚੁ ਤਾ ਮਨਿ ਭਾਵਈ ॥ ਚਲੈ ਸਦਾ ਰਜਾਇ ਅੰਕਿ ਸਮਾਵਈ ॥ (ਪੰਨਾ ੪੨੦)

ਇਹ ਸੱਚ ਦੇ ਮਿਲਣ ਦਾ ਸੁਆਦ ਹੈ। ਇਹ ਸੱਚ ਦੀ ਸੱਚੀ ਸਰੂਪ-ਲਖਤਾ ਦਾ ਸੱਚਾ ਦਰਸ-ਅਹਿਲਾਦ ਹੈ। ਇਸ ਲਖਤਵੀ ਪਦ ਪ੍ਰਾਪਤਿ ਹੋਇ ਇਹ ਗੁੰਝਲ ਖੁਲ੍ਹਦੀ ਹੈ ਕਿ 'ਸਚੁ' ਜੋ ਹੈ, ਉਹ ਸੱਚਾ ਸਾਹਿਬ ਹੈ। ਸੱਚਾ ਸਾਹਿਬ ਹੀ ਆਪ ਸੱਚ ਸਰੂਪਾ ਹੈ। ਇਹ 'ਸਚੁ' ਰੂਪੀ ਸੱਚਾ ਸਾਹਿਬ ਜਿਸ ਗੁਰਮੁਖ ਜਨ ਦੇ ਹਿਰਦੇ ਘਟ ਅੰਦਰਿ ਇਕ ਵਾਰ ਵਸਿ ਗਿਆ, ਜਿਸ ਗੁਰਮੁਖ ਜਨ ਨੇ ਗੁਰ ਪ੍ਰਸਾਦ ਕਰਿ 'ਸਚੁ' ਸਾਹਿਬ ਵਾਹਿਗੁਰੂ ਨੂੰ ਮਨ ਵਿਖੇ ਵਸਾਇ ਪ੍ਰਗਟਾਇ ਲਿਆ, ਤਿਸ ਗੁਰਮੁਖ ਜਨ ਦੇ ਅੰਤਰਿ ਆਤਮੇ ਫਿਰ ਇਹ ਸੱਚਾ ਸਾਹਿਬ ਸਦਾ ਵਸਿਆ ਹੀ ਰਹਿੰਦਾ ਹੈ। ਬਸ, ਜਿਸ ਦੇ ਹਿਰਦੇ ਵਿਖੇ ਵਾਹਿਗੁਰੂ ਵਸ ਗਿਆ, ਤਿਸੈ ਨੂੰ ਸੱਚ ਪ੍ਰਗਾਸ ਵਿਗੱਸ ਗਿਆ। ਸੱਚੇ ਸਾਹਿਬ ਦੇ ਇਸ ਵਿਗਾਸ ਦੀਆਂ ਵਡਿਆਈਆਂ ਜਿਸ ਨੂੰ ਇਕ ਵਾਰ 'ਸਚੁ' ਸੱਚਾ ਸਾਹਿਬ ਆਪ ਦਿੰਦਾ ਹੈ, ਫੇਰ ਹੋਰ ਤੋਂ ਹੋਰ ਵਧੇਰੇ ਵਿਗਾਸ ਵਿਚਿ ਦਿੰਦਾ ਹੀ ਰਹਿੰਦਾ ਹੈ। ਤਿਸ ਵਿਗਾਸ ਦੀ, ਤਿਸ ਵਡਿਆਸ ਵਿਗਾਸ ਦੀ, ਅਥਵਾ ਵਿਗਾਸ ਵਡਿਆਈ ਦੀ ਫੇਰ ਤੋਟ ਕਦੇ ਨਹੀਂ ਆਂਵਦੀ। ਯਥਾ ਗੁਰਵਾਕ-

ਸਚਾ ਸਾਹਿਬੁ ਮਨਿ ਵਸੈ ਵਸਿਆ ਮਨਿ ਸੋਈ ॥ ਆਪੇ ਦੇ ਵਡਿਆਈਆ ਦੇ ਤੋਟਿ ਨ ਹੋਈ ॥੩॥੧੭॥
(ਆਸਾ ਮ: ੧, ਪੰਨਾ ੪੨੦)

ਅਬੇ ਤਬੇ ਦੀ ਚਾਕਰੀ ਕੀਤਿਆਂ ਇਹ ਵਡਿਆਈ ਨਹੀਂ ਮਿਲਦੀ, ਨਾਹੀਂ ਸੱਚ-ਮਹਲੀਂ ਵਾਸਾ ਹੁੰਦਾ ਹੈ। ਸੱਚੀ ਦਰਗਾਹ ਵਾਸਾ ਤਦੇ ਹੁੰਦਾ ਹੈ, ਜੇ ਸੱਚੇ ਦਾ, ਕੇਵਲ ਸੱਚੇ ਦਾ ਹੀ ਬਣ ਰਹੇ, ਸੱਚੇ ਦਾ ਹੀ ਸੱਚ-ਮੁਤਲਾਸ਼ੀ ਹੋਇ ਰਹੇ। ਸਤਿਗੁਰੂ ਦਾ ਅਨਿੰਨ ਗੁਰਮੁਖ ਸਿਖ ਬਣ ਕੇ ਹੀ ਇਸ 'ਸਚੁ' ਦੀ ਲਭਤਾ ਹੁੰਦੀ ਹੈ। ਗੁਰਮਤਿ ਮਾਰਗ ਤੇ ਚਲ ਕੇ, ਸਤਿਗੁਰੂ ਦੀ ਸੱਚੀ ਬੇੜੀ ਚੜ੍ਹ ਕੇ ਹੀ, 'ਸਚੁ' ਟੋਲ ਥਾਇ ਪੈਣ ਕਰਿ ਪਾਰ-ਉਤਾਰਾ ਹੁੰਦਾ ਹੈ। ਸਤਿਗੁਰੂ ਦੇ ਸਚੇ ਪਾਰ-ਉਤਾਰਨੀ ਬੇੜੇ ਬਾਝੋਂ ਹੋਰ ਸਭ ਪੱਥਰ ਦੀਆਂ ਬੇੜੀਆਂ ਹੀ ਹਨ, ਜੋ ਆਪ ਭੀ ਡੁਬ ਜਾਂਦੀਆਂ ਹਨ ਅਤੇ ਸਾਰੇ ਪੂਰ ਨੂੰ ਭੀ ਡੋਬ ਦਿੰਦੀਆਂ ਹਨ। 'ਸਚੁ' ਦੀ ਤਾਂ ਕੀ ਪ੍ਰਾਪਤੀ ਹੋਣੀ ਸੀ। ਗੁਰਵਾਕ-

ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ॥ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ॥੪॥ (੪੨੦)

ਸਤਿਗੁਰ-ਬੇੜੇ ਚੜ੍ਹ ਕੇ ਪਾਰ ਪਵੰਦੜਿਆਂ ਦੀਆਂ ਘਾਲ ਕਮਾਈਆਂ ਇਹ ਹੁੰਦੀਆਂ ਹਨ-


www.AKJ.Org

ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ॥ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ॥੫॥(੪੨੦)

ਆਹਾ ! ਕੇਹੀ ਅਲੌਕਿਕ ਘਾਲਣਾ ਹੈ ਗੁਰਮੁਖਾਂ ਦੀ। ਸਤਿਗੁਰੂ ਵਿਟਹੁੰ ਸੀਸ ਅਰਪਣ-ਹਾਰਿਆਂ ਅਤੇ ਆਪਨੜਾ ਮਨ ਵੇਚਣ-ਹਾਰਿਆਂ ਗੁਰਮੁਖਾਂ ਨੂੰ 'ਸਚੁ' ਵਥੁ ਦੀ ਸੱਚੀ ਪਛਾਣ ਹੁੰਦੀ ਹੈ। ਤਿਨ੍ਹਾਂ ਨੂੰ ਹੀ ਆਪਨੜੇ ਘਟ ਰੂਪੀ ਘਰ ਦੀ ਸੱਚੀ ਭਾਲ ਟੋਲ ਕਰ ਕੇ 'ਸਚੁ ਵਖਰੁ' ਦੀ ਪ੍ਰਾਪਤੀ ਹੁੰਦੀ ਹੈ। ਸਿਰੋਂ ਪੁੰਦ ਹੋ ਕੇ ਤੇ ਸਤਿਗੁਰੂ ਪ੍ਰਾਇਣ ਹੋ ਕੇ, ਕੇਵਲ ਸਤਿਗੁਰੂ ਦੇ ਹੀ ਬਣ ਕੇ, ਅਤੁਟ ਗੁਰਮਤਿ ਨਾਮ ਅਭਿਆਸ ਕਮਾਈ ਕੀਤਿਆਂ ਹੀ 'ਸਚੁ' ਦਾ ਪ੍ਰਕਾਸ਼ ਹੁੰਦਾ ਹੈ ਅਤੇ ਸੱਚ ਘਰ ਵਿਖੇ ਨਿਵਾਸ ਹੁੰਦਾ ਹੈ।

ਆਮ ਫ਼ਹਿਮ ਇਖ਼ਲਾਕੀ ਫ਼ਿਲਸਫ਼ਾ-ਮੁਠੇ ਫ਼ਿਲਾਸਫ਼ਰਾਂ ਦਾ ਫ਼ਹਿਮੀ 'ਸੱਚ', ਝੂਠ ਦੇ ਮੁਕਾਬਲੇ ਵਿਚ ਸੱਚ ਬੋਲਣਾ ਹੀ ਹੈ। ਕੂੜ ਬੋਲਣ, ਝੂਠ ਤੋਂ ਉਲਟ ਜੋ ਸੱਚ ਬੋਲਣਾ ਹੈ, ਇਸ ਨੂੰ ਹੀ 'ਸੱਚ' ਸਮਝਿਆ ਜਾਂਦਾ ਹੈ। ਆਮ ਲੋਕੀ ਇਸ ਲੌਕਿਕ ਸਮਝ ਵਾਲੇ 'ਸੱਚ' ਤੋਂ ਬਿਨਾਂ ਹੋਰ ਕੁਝ ਭੀ ਨਹੀਂ ਜਾਣਦੇ ਕਿ ਇਸ ਤੋਂ ਉਪਰ ਹੋਰ ਭੀ ਕੋਈ 'ਸਚੁ' ਹੈ। ਪਰ ਤੱਤ ਵਿਲੱਖਣੀ 'ਸਚੁ' ਸੋ ਹੈ ਜੋ ਕੇਵਲ ਗੁਰਮਤਿ ਅੰਦਰ ਹੀ, ਕੇਵਲ ਗੁਰਬਾਣੀ ਅੰਦਰ ਹੀ ਨਿਰ-ਣਾਇਆ ਗਿਆ ਹੈ। ਏਸ 'ਸਚੁ' ਨੂੰ ਕੋਈ ਹੋਰ ਮੱਤ ਮਤਾਂਤਰੀ ਨੇਤਾ ਜਾਂ ਆਗੂ ਨਹੀਂ ਪਾ ਸਕਿਆ। ਨਾ ਕੋਈ ਉਚ-ਦਿਮਾਗੀਆ ਜਗਤ ਪਰਸਿਧ ਜਾਣਿ ਜਾਣਾਇ ਸਕਿਆ ਹੈ। **ਆਮ ਲੋਕਾਂ ਨੇ ਤਾਂ ਕੀ ਜਾਣ ਸਕਣਾ ਸੀ, ਪਛਮੀ ਪੜ੍ਹਾਈਆਂ ਦੀ ਅੰਧ ਪੜ੍ਹਾਈ ਦੀ ਤਿਮਰਤਾ ਵਿਚ ਪੜ੍ਹੇ ਹੋਏ ਅਤੇ ਆਨ-ਮੱਤ ਫ਼ਿਲਾਸਫ਼ੀਆਂ ਦੇ ਮੁਠੇ ਹੋਏ ਸਿੱਖੀ ਦੇ ਦਾਅਵੇਦਾਰ ਪ੍ਰੋਫ਼ੈਸਰ ਤੇ ਰੀਫ਼ਾਰਮਰ ਭੀ ਨਹੀਂ ਜਾਣ ਪਛਾਣ ਸਕੇ, ਕਿ ਤਤ ਗੁਰਮਤਿ 'ਸਚੁ' ਕੀ ਹੈ ਤੇ ਕਿਹੜਾ ਹੈ।** ਉਨ੍ਹਾਂ ਦੀ ਖ਼ੁਦ-ਖ਼ਿਆਲੀਏ ਵਹਿਣਾਂ ਕੁਵਹਿਣਾਂ ਵਿਚ ਪਈ ਹੋਈ ਬੁੱਧੀ ਗੁਰਬਾਣੀ ਅੰਦਰ ਲਖਾਏ 'ਸਚੁ' ਦੇ ਸਤਿ ਅਰਥਾਂ ਦੀ ਤੱਤ ਮਹੱਤਤਾ ਨੂੰ ਦਿਮਾਗੀ ਪਕੜ ਵਿਚ ਹੀ ਨਹੀਂ ਲਿਆ ਸਕਦੀ (grasp ਨਹੀਂ ਕਰ ਸਕਦੀ), ਸਗੋਂ ਵਿੰਗੇ ਟੇਢੇ ਭਾਵਾਂ ਨੂੰ ਜਕੜ ਕੇ ਬੈਠੀ ਹੋਈ ਹੈ। ਦੇਖੋ ਅਗਲੇ ਗੁਰਵਾਕ ਅੰਦਰ 'ਸਚੁ' ਕੈਸਾ ਅਨੂਪਮ ਨਿਰਣਾ ਕੀਤਾ ਹੈ। ਯਥਾ :–

ਮਨੁ ਰਾਤਉ ਹਰਿ ਨਾਇ ਸਚੁ ਵਖਾਣਿਆ ॥ ਲੋਕਾ ਦਾ ਕਿਆ ਜਾਇ ਜਾ ਤੁਧੁ ਭਾਣਿਆ ॥੧॥
ਜਉ ਲਗੁ ਜੀਉ ਪਰਾਣ ਸਚੁ ਧਿਆਈਐ ॥ ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ ॥੧॥ਰਹਾਉ॥
ਸਚੀ ਤੇਰਾ ਕਾਰ ਦੇਹਿ ਦਇਆਲ ਤੂੰ ॥ ਹਉ ਜੀਵਾ ਤੁਧੁ ਸਾਲਾਹਿ ਮੈ ਟੇਕ ਆਧਾਰੁ ਤੂੰ ॥੨॥
ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ ॥ ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥੩॥
ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥ ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥੪॥
ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮ ਸੇਇ ॥ ਮਨਹੁ ਛੋਡਿ ਬਿਕਾਰ ਸਚਾ ਸਚੁ ਦੇਇ ॥੫॥
ਸਚੇ ਸਚਾ ਨੇਹੁ ਸਚੈ ਲਾਇਆ ॥ ਆਪੇ ਕਰੇ ਨਿਆਉ ਜੋ ਤਿਸੁ ਭਾਇਆ ॥੬॥
ਸਚੇ ਸਚੀ ਦਾਤਿ ਦੇਹਿ ਦਇਆਲੁ ਹੈ ॥ ਤਿਸੁ ਸੇਵੀ ਦਿਨੁ ਰਾਤਿ ਨਾਮੁ ਅਮੋਲੁ ਹੈ ॥੭॥
ਤੂੰ ਉਤਮੁ ਹਉ ਨੀਚੁ ਸੇਵਕੁ ਕਾਂਢੀਆ ॥ ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਆ ॥੮॥੨੧॥
(ਆਸਾ ਮ: ੧, ਪੰਨਾ ੪੨੨)

ਸੁਬਹਾਨ ! ਧੰਨ ਗੁਰੂ ਨਾਨਕ !! ਕਿਆ ਸੁੰਦਰ ਅਤਿ ਚੁਲੰਭਲ 'ਸੱਚ' ਦਾ ਨਿਰਣਾ ਇਸ ਗੁਰਵਾਕ ਅੰਦਰਿ ਨਿਰੂਪਨ ਹੋਇਆ ਹੈ। ਵਾਹੁ ! ਵਾਹੁ !! 'ਮਨੁ ਰਾਤਉ ਹਰਿ ਨਾਇ ਸਚੁ ਵਖਾਣਿਆ।'

'ਸੱਚ' ਦਾ ਵਖ਼ਾਨਣਾ ਹਰਿ ਰੰਗਿ ਰਤੇ, ਵਾਹਿਗੁਰੂ ਨਾਮਿ ਰਤੇ ਗੁਰਮੁੰਖਾਂ ਦੇ ਮਨ ਨੂੰ ਹੀ ਸਫੁਰਨ ਬਿਸਿਮੁਰਨ ਹੁੰਦਾ ਹੈ, ਨਾਮ ਰੰਗੇ ਗੁਰਮੁਖਾਂ ਦੇ ਮਨ ਹੀ ਵਾਸਤਵੀ 'ਸਚੁ' ਬੋਲਣਾ ਜਾਣਦੇ ਹਨ। ਨਾਮੋਂ ਘੁੱਥੇ ਮਾਇਆ ਅਲਾਇਸ਼ੀ ਮਨ, ਕੂੜ ਲਪਟਾਇਸ਼ੀ ਮਨ ਇਸ 'ਸਚੁ' ਦੀ ਸਾਰ ਕੀ ਜਾਣਨ ? ਸਚਮੁਚ–

ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ ॥ (ਸੂਹੀ ਮ: ੫, ਪੰਨਾ ੭੬੧)

ਦੇ ਭਾਵ ਅਨੁਸਾਰ ਨਾਮ ਬਿਨਾਂ ਹੋਰ ਗੱਲਾਂ ਬਾਤਾਂ ਸਭ ਕੂੜੀਆਂ ਹਨ। ਨਾਮ ਦੇ ਬੋਲ ਬਿਨ ਸਭ ਬੋਲ-ਕੁਬੋਲ


www.AKJ.Org

ਕੂੜਾਵੇ ਬੋਲ ਹੀ ਹਨ। ਨਾਮ ਦੀ ਭਾਖਿਆ ਬਿਨਾਂ ਹੋਰ ਕੁਛ ਮੁਖੋਂ ਭਾਖਣਾ ਆਖਣਾ ਸਭ ਕੂੜ ਕੁਸੱਤ ਵਿਚਿ ਦਾਖਲ ਹੈ। ਮੁਖੋਂ ਕੇਵਲ ਨਾਮ ਦਾ ਭਾਖਣਾ, ਨਾਮ ਦਾ ਆਖਣਾ, ਵਿਆਖਣਾ ਵਖਾਨਣਾ ਹੀ 'ਸੱਚ' ਬੋਲਣਾ ਹੈ। ਇਸ 'ਸਚੁ' ਬੋਲ ਤੋਂ ਬਿਨਾਂ ਮੁਖ-ਭਾਖਣੀ ਬੋਲ ਸਭ ਕੂੜ ਹੈ। ਨਾਮ ਤੋਂ ਬਿਨਾਂ ਵਖਾਣਿਆ ਉਚਰਾਣਿਆ ਹੋਰ ਸਭ ਬੋਲ ਉਚਾਰਨ ਨਿਰਾ ਕੂੜ ਪਰਚਾਰਨ ਹੀ ਹੈ, ਹੋਛੀ ਗੱਲ ਗਾਲਾਰਨ ਹੀ ਹੈ। ਨਾਮ ਬਿਨਾਂ ਮੁਖੋਂ ਉਚਾਰੀਆਂ ਹੋਰ ਗੱਲਾਂ ਹੀ ਹੋਛੀਆਂ ਅਤੇ ਬੇਹੂਦਾ ਨਹੀਂ, ਬਲਕਿ ਨਾਮ ਬਿਨਾਂ ਖ਼ਿਆਲੇ ਖ਼ਿਆਲ ਭੀ ਆਲੂਦਾ ਹਨ–

ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ ॥ (ਮ: ੫, ੧੦੯੭)

ਦੁਨਿਆਵੀ ਲੋਕਾਂ ਦਾ ਸਚ ਬੋਲਣਾ ਭੀ ਕੂੜ ਆਲੂਦਗੀ ਬੇਹੂਦਗੀ ਦੇ ਮਾਅਨੇ ਰਖਦਾ ਹੈ। ਜਿਸ ਬੋਲ ਵਿਚਿ ਨਿਰਮੋਲਿਆ 'ਸਚੁ' ਨਹੀਂ, ਉਹ ਸਭ ਕੂੜ ਕੁਸਚੁ ਹੈ। ਨਾਮ ਬਿਨਾਂ ਹੋਰ ਸੱਚ ਹੈ ਹੀ ਨਹੀਂ। ਕੇਵਲ ਨਾਮ ਰੂਪੀ ਸੱਚ ਤੋਂ ਰੰਗਿਆ ਹੋਇਆ ਮਨ ਹੀ ਸੱਚ ਵਖਾਨਣਹਾਰਾ ਮਨੁ ਹੈ,. ਨਾਮ-ਰੰਗੇ ਮਨ ਅੰਦਰਿ ਹੀ ਕੂੜ ਆਲੂਦਗੀ ਰਹਿਤ ਸੱਚ ਦੇ ਖ਼ਿਆਲ ਉਪਜ ਸਕਦੇ ਹਨ। ਤੱਤ ਪ੍ਰਮਾਰਥੀ ਸੱਚ ਹੀ 'ਸਚੁ' ਹੈ। ਸੁਆਰਥੀ ਬਿਉਹਾਰਥੀ ਸੱਚ ਸਭ ਅਸੱਚ ਹੈ। ਏਹ ਪ੍ਰਮਾਰਥੀ ਤੱਤ ਸਚੁ ਕੇਵਲ ਨਾਮ ਹੈ। ਹਰਿ ਨਾਇ ਰਾਤੋ ਮਨੁ, ਗੁਰਮਤਿ ਨਾਮ-ਰੰਗ-ਰਤੜਾ ਮਨੁ, ਨਾਮ ਤੋਂ ਬਿਨਾਂ ਹੋਰ ਕੁਛ ਨਹੀਂ ਵਖਾਣਦਾ। ਵਖਾਣਦਾ ਹੈ ਤਾਂ ਨਾਮ ਹੀ ਵਖਾਣਦਾ ਹੈ। ਤਾਂ ਤੇ "ਸਚੁ ਵਖਾਣਿਆ" ਦਾ ਭਾਵ-ਅਰਥ ਨਾਮੁ ਵਖਾਣਿਆ ਹੀ ਹੈ। ਗੁਰਮੁਖ ਨਾਮ-ਰੰਗ-ਰਤੜੇ ਮਨੂਅੜੇ ਨਾਮ ਰੂਪ ਸੱਚ ਹੀ ਵਖਾਣਦੇ ਹਨ। ਅਜਪਾ ਜਾਪੀ ਟੇਰ ਵਿਚਿ ਵਖਾਣੀ ਜਾਂਦੇ ਹਨ। ਲੋਕ ਭਾਵੇਂ ਕੁਛ ਕਹਿਣ, ਹੱਸਣ ਭਾਵੇਂ ਮਖੌਲ ਕਰਨ–

ਤੇਰੀ ਭਗਤਿ ਨਾ ਛੋਡਉ ਭਾਵੈ ਲੋਗੁ ਹਸੈ ॥ (ਬਸੰਤ ਨਾਮਦੇਵ ਜੀ, ੧੧੯੫)

ਲੋਕਾਂ ਦੀ ਲਾਜ ਕੁਲਾਜ ਦੀ ਏਥੇ ਕੀ ਗੁੰਜਾਇਸ਼ ਹੈ ? ਹੇ ਵਾਹਿਗੁਰੂ ! ਜਦੋਂ ਨਾਮ ਰੂਪੀ ਸੱਚ ਦਾ ਹੀ ਵਿਰਦ ਰਟਨ ਤੈਨੂੰ ਭਾਵੰਦਾ ਹੈ ਤਾਂ ਪਰਵਾਹ ਨਹੀਂ, ਲੋਕਾਂ ਨੂੰ ਏਹ ਭਾਵੇ ਯਾ ਨਾ ਭਾਵੇ। ਭਗਤਾਂ ਨੇ ਨਾਮ ਵਿਰਦ ਦੀ ਸੱਚੀ ਕਾਰ, ਲੋਕ ਲਜਾਵੇ ਦੀ ਕਨੌਡ ਦੇ ਅਧੀਨ ਹੋਇਆਂ, ਛਡ ਨਹੀਂ ਦੇਣੀ। ਸੱਚੀ ਕਾਰ ਜੁ ਏਹੋ ਹੋਈ। ਇਹੀ ਸਚੁ ਹੈ। ਹੋਰ ਸਭ ਕੂੜਾ ਧੰਦਾ ਹੈ। ਪਰ ਲੋਕੀ ਇਸ ਕੂੜਾਵੇ ਧੰਦੇ ਨੂੰ ਸੱਚ ਸਮਝੀ ਬੈਠੇ ਹਨ ਅਤੇ ਨਾਮ ਰੂਪੀ ਸਚੁ ਵਖਾਨਣੀ ਵਿਰਦ ਜਾਪ ਨੂੰ ਐਵੇਂ ਕੂੜਾਵੀ ਬਿਰਥਾਕਾਰ ਹੀ ਜਾਣਦੇ ਹਨ। ਲੋਕਾਵੀ ਕੂੜ ਕੁਲਾਜ ਦੀ ਭਗਤਾਂ ਨੂੰ ਪਰਵਾਹ ਨਹੀਂ–

ਲੋਕਾਂ ਦਾ ਕਿਆ ਜਾਇ ਜਾ ਤੁਧੁ ਭਾਣਿਆ ॥ (੪੨੨)

ਨਾਮ ਭਗਤਿ ਰੂਪੀ ਰੰਗ ਰੰਗੀਜਿਆ ਮਨੂਆ, ਸੱਚ ਦੇ ਰੰਗਾਂ ਵਿਚਿ ਰਤਿਆ ਮਨੂਆ ਕੂੜਾਵੀ ਲੋਕਕ ਲਾਜ ਕੁਲਾਜ ਤੋਂ ਬੇਲਾਗ ਹੈ। ਸੱਚ ਨਾਮ ਰੂਪੀ ਭਗਤਿ (ਨਾਮ) ਦਾ ਰਸ ਜ਼ਿਨ੍ਹਾਂ ਨੂੰ ਆ ਗਿਆ ਹੈ ਅਤੇ ਇਸ ਨਾਮ ਰੂਪੀ ਸੱਚ ਦਾ ਵਿਰਦ ਅਲਾਪ ਜਦ ਸੱਚੇ ਨੂੰ ਭਾ ਗਿਆ ਹੈ, ਸੱਚੇ ਨਾਮੀ ਵਾਹਿਗੁਰੂ ਨੂੰ (ਜਿਸ ਦਾ ਨਾਮ ਜਪੀਦਾ ਹੈ) ਸੁਖਾ ਗਿਆ ਹੈ, ਓਹ ਲੋਕਾਂ ਦੇ ਮੇਹਣਿਆਂ ਮਖੌਲਾਂ ਤੋਂ ਮੁੱਤਾਅਸਰ ਹੋ ਕੇ, ਨਾਮ ਰੂਪੀ ਸੱਚ ਅਲਾਉਣੋਂ ਕਦ ਝਿਜਕਦੇ ਹਨ ? ਸਗੋਂ–

ਜਉ ਲਗੁ ਜੀਉ ਪਰਾਣ ਸਚੁ ਧਿਆਈਐ ॥ (੪੨੨)

ਵਾਲਾ ਸਿਦਕ ਭਰੋਸਾ ਓਹਨਾਂ ਦਾ ਹੋਰ ਦ੍ਰਿੜ੍ਹ ਹੋ ਜਾਂਦਾ ਹੈ। ਜਦੋਂ ਤਾਈਂ ਓਹਨਾਂ ਦੇ ਕਲੂਬ ਅੰਦਰ ਜੀਉ ਪਰਾਣ ਕਾਇਮ ਹਨ, ਓਹ ਸੱਚ ਨੂੰ ਧਿਆਈ ਜਾਂਦੇ ਹਨ। ਇਸ ਗੁਰਵਾਕ ਪੰਗਤੀ ਅੰਦਰਿ ਇਹ ਗੱਲ ਸਾਫ਼ ਸਪਸ਼ਟ ਹੋ ਗਈ ਹੈ ਕਿ "**ਸਚੁ ਧਿਆਈਐ**" ਤੋਂ ਭਾਵ **ਨਾਮੁ ਧਿਆਈਐ**" ਦਾ ਹੈ। 'ਨਾਮ' ਨੂੰ ਏਥੇ 'ਸਚੁ' ਕਰਕੇ ਵਰਣਨ ਕੀਤਾ ਹੈ ਅਤੇ ਹੋਰ ਭੀ ਅਨੇਕ ਥਾਂ ਸਚੁ ਪਦ ਨਾਮ ਪ੍ਰਥਾਇ ਹੀ ਗੁਰਬਾਣੀ ਅੰਦਰਿ ਵਰਤਿਆ ਗਿਆ ਹੈ। 'ਸਚੁ' ਦੇ ਨਾਲ '**ਧਿਆਈਐ**' ਆਉਣਾ ਸਪਸ਼ਟ ਕਰਦਾ ਹੈ ਕਿ '**ਸਚੁ' ਤੋਂ ਮੁਰਾਦ 'ਨਾਮੁ' ਹੈ। ਬੋਲਣ ਵਾਲਾ, ਸਦਾ ਬੋਲਿਆ ਜਾਣ ਵਾਲਾ ਲੌਕਿਕ ਸੱਚ ਕਦੇ ਧਿਆਇਆ ਜਾਂਦਾ ਹੈ ? ਕਦੇ ਨਹੀਂ। ਧਿਆਉਣ ਤਾਂ ਨਾਮ ਦਾ ਹੀ ਫਬਦਾ ਹੈ**। ਤਾਂ ਤੇ ਨਿਰਸੰਦੇਹ ਇਹ ਗੱਲ ਸਾਬਤ ਹੋ ਗਈ ਹੈ ਕਿ ਗੁਰਬਾਣੀ ਅੰਦਰ 'ਸਚੁ' ਪਦ ਨਾਮ ਦੇ ਨਾਲ ਅਭੇਦ ਹੈ, ਅਰਥ ਰੂਪ ਹੁੰਦਾ ਅਭੇਦ ਹੈ। ਏਥੇ ਸਚੁ ਪਦ ਤੋਂ ਪ੍ਰਮਾਰਥੀ ਸਚੁ ਕੇਵਲ ਨਾਮ ਤੋਂ ਹੀ ਮੁਰਾਦ ਹੈ।ਨਾਲ ਦੀ ਤੁਕ ਖ਼ੂਬ ਨਿਸਚਿਤ ਕਰਾਉਂਦੀ ਹੈ–

ਜਉ ਲਗੁ ਜੀਉ ਪਰਾਣ ਸਚੁ ਧਿਆਈਐ ॥ ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ ॥ਰਹਾਉ॥


www.AKJ.Org

ਲਾਹਾ ਹਰਿ ਗੁਣ ਗਾਉਣ ਰੂਪੀ ਸੱਚੀ ਸਿਫ਼ਤ ਸਾਲਾਹ ਦਾ ਲਾਹਾ ਅਤੇ ਨਾਮ ਧਿਆਉਣ ਦਾ ਲਾਹਾ ਇਕ-ਮਿਕ ਅਭੇਦ ਰੂਪ ਅਰਥਾਂ ਵਿਚਿ ਗੁਰਬਾਣੀ ਅੰਦਰਿ ਵਰਨਣ ਕੀਤੇ ਗਏ ਹਨ। ਸੱਚੇ ਸੁਖ ਦੀ ਪ੍ਰਾਪਤੀ 'ਸਚੁ ਨਾਮੁ' ਰੂਪੀ ਸਿਫ਼ਤ ਸਾਲਾਹ ਦੇ ਅਤੁਟ ਲਾਹੇ ਵਿਚਿ ਹੀ ਹੈ। ਸਚ ਨਾਮ ਦਾ ਲਾਹਾ, 'ਸਚੁ ਧਿਆਉਣ' ਦਾ ਲਾਹਾ, ਅਰਥਾਤ, ਨਾਮ ਧਿਆਉਣ ਰੂਪੀ ਸਚੀ ਸਿਫ਼ਤ ਸਾਲਾਹ ਦਾ ਅਭਿਆਸ ਲਾਹਾ ਇਹੀ ਸੱਚੀ ਕਾਰ ਹੈ। ਗੁਰਮਤਿ ਦ੍ਰਿੜ੍ਹਾਈ ਵਿਲੱਖਣ ਕਾਰ ਇਹੀ ਸਚੁ (ਨਾਮੁ) ਧਿਆਉਣ ਰੂਪੀ ਸੱਚੀ ਕਾਰ ਹੈ।

ਸਚੀ ਤੇਰੀ ਕਾਰ ਦੇਹਿ ਦਇਆਲ ਤੂੰ ॥ (ਪੰਨਾ ੪੨੨)

ਹੇ ਦਇਆਲ ਵਾਹਿਗੁਰੂ ! ਇਹ ਸਚੁ ਧਿਆਉਣ (ਨਾਮੁ ਧਿਆਉਣ) ਰੂਪੀ ਜਿਹੜੀ ਤੇਰੀ ਸੱਚੀ ਕਾਰ ਹੈ, ਇਹੋ ਹੀ ਤੂੰ ਮੈਨੂੰ ਦੇਹਿ, ਅਤੇ ਦੇ ਕੇ ਦੇਈ ਰਖੁ। ਹਰਿ ਨਾਇ ਰਤੜੇ ਹੀਅੜੇ ਵਾਲਾ ਭਗਤ ਜਨ ਇਹੀ ਅਰਾਧਨਾ ਕਰਦਾ ਹੈ–ਹਉ ਜੀਵਾ ਤੁਧੁ ਸਾਲਾਹਿ ਮੈ ਟੇਕ ਅਧਾਰੁ ਤੂੰ ॥ (ਪੰਨਾ ੪੨੨)

ਮੈਂ ਤੇਰੀ ਸਿਫ਼ਤਿ ਸਾਲਾਹ ਕਰਿ ਕਰਿ ਹੀ ਜੀਵਾਂ, ਤੈਨੂੰ ਸਲਾਹੁੰਦਾ ਹੀ ਜੀਵਾਂ, ਜਦ ਤਾਈਂ ਜੀਵਾਂ ਤੈਨੂੰ ਸਾਲਾਹੁੰਦਾ, ਸਚੁ ਧਿਆਉਂਦਾ ਹੀ ਜੀਵਾਂ, ਕਿਉਂਕਿ ਤੂੰ ਹੀ ਮੇਰੀ ਸੱਚੀ ਟੇਕ ਹੈਂ। ਤੇਰੀ ਸਿਫਤਿ ਸਾਲਾਹ ਹੀ ਮੇਰਾ ਸੱਚਾ ਆਧਾਰ ਹੈ। ਤੂੰ ਹੀ ਮੇਰਾ ਆਧਾਰ ਹੈਂ। ਹੇ ਵਾਹਿਗੁਰੂ ਸਚਿਆ ! ਤੁਧੁ ਬਿਨਾਂ, ਤੇਰੀ ਸਿਫ਼ਤਿ ਸਾਲਾਹ ਬਿਨਾਂ ਮੈਂ ਜੀਉ ਨਹੀਂ ਸਕਦਾ, ਤੁਧੁ ਵਿਸਰਿਆਂ ਮੇਰਾ ਮਰਨ ਹੋ ਜਾਂਦਾ ਹੈ। ਇਕ ਛਿਨ ਵਿਸਰਨ ਦਾ ਦਰਦ ਬਿਰਹਾ ਮਰਨ ਬਰੋਬਰ ਹੈ। ਤਾਂ ਤੇ ਮੈਂ ਕਿਸੇ ਹਾਲਤ ਵਿਚਿ ਭੀ ਤੈਨੂੰ ਸਲਾਹੇ ਸਿਮਰੇ ਬਿਨਾਂ ਰਹਿ ਨਹੀਂ ਸਕਦਾ। ਮੇਰੇ ਇਸ ਦਰਦ ਫ਼ਿਰਾਕ ਦਾ, ਮੁਝ ਤੇਰੇ ਦਰ ਦੇ ਸੇਵਕ ਦੇ ਦਾਰਨ ਦਰਦ ਦਾ ਮਹਿਰਮ ਤੂੰ ਹੀ ਹੈਂ। ਹੇ ਮੇਰੇ ਸੱਚੇ ਪ੍ਰੀਤਮਾ ! ਤੂੰ ਹੀ ਜਾਣਦਾ ਹੈਂ ਦਰਦ ਮੁਝ ਆਪਣੇ ਦਰ ਦੇ ਸੇਵਕ ਦਰਵਾਨ ਦਾ। ਮੈਂ ਤੇਰਾ ਦਰਵਾਨ ਜੁ ਹੋਇਆ, ਦਰ ਦਾ ਸੇਵਕ–

ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ ॥ (ਪੰਨਾ ੪੨੨)

ਇਸ ਦਰਦ ਨੂੰ ਗਵਾਵਨਹਾਰੀ ਕੇਵਲ ਤੇਰੀ ਭਗਤਿ ਹੀ ਹੈ। ਇਹ ਤੇਰੀ ਭਗਤੀ ਬਿਸਮਾਦ ਰੂਪ ਹੈ। ਇਸ ਭਗਤੀ ਵਿਚ ਬਿਸਮਾਦ (ਹੈਰਾਨ) ਹੋਇਆਂ ਸਾਰੇ ਦਰਦ ਰੋਗ ਆਪੇ ਹੀ ਦੂਰ ਹੋ ਜਾਂਦੇ ਹਨ। ਮੇਰੇ ਦਰਦ ਦਾ ਦਾਰੂ ਤੇਰੀ ਬਿਸਮਾਦ ਭਗਤੀ ਹੈ–ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥

ਬੜੇ ਅਸਚਰਜ ਦੀ ਗੱਲ ਇਹ ਹੈ, ਬੜੀ ਹੈਰਾਨਗੀ ਦੀ ਗੱਲ ਇਹ ਹੈ ਕਿ ਤੇਰੇ ਗੁਰਮੁਖਾਂ ਭਗਤਾਂ ਦੀ ਇਹ ਨਾਮ ਸਾਲਾਹੀ, ਸਚੁ ਸਾਲਾਹੀ ਰੂਪੀ ਬਿਸਮਾਦ ਭਗਤੀ ਅਗੇ ਸੱਚੀ ਦਰਗਾਹੇ ਭੀ ਹਾਜ਼ਰ ਹਜ਼ੂਰ ਜਿਉਂ ਕੀ ਤਿਉਂ, ਸਗੋਂ ਏਦੂੰ ਭੀ ਵਧ ਵਧੇਰੈ, ਬਿਸਮ ਬਿਸਮੇਰੇ ਬਿਸਮਾਦ ਰੰਗਾਂ ਵਿਚਿ ਬਣੀ ਰਹਿੰਦੀ ਹੈ, ਸਦਾ ਕਾਇਮ ਦਾਇਮ ਰਹਿੰਦੀ ਹੈ–

ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥ (ਪੰਨਾ ੪੨੨)

ਸਚਖੰਡ ਦਰਬਾਰੀ ਦਰਗਾਹ ਵਿਚਿ ਵਾਹਿਗੁਰੂ ਨਿਰੰਕਾਰ ਦਾ ਪਰਤੱਖ ਦਰਸ਼ਨ ਦੀਦਾਰ ਸੋਹੇਂ (ਸਨਮੁਖ) ਦੇਖਦੇ ਹੋਏ, ਸੱਚੀ ਹਜ਼ੂਰੀ ਦੇ ਹਜ਼ੂਰੀ ਭਗਤ ਗੁਰਮੁਖ ਜਨ ਨਾਮ ਜਪਦੇ ਹਨ, ਬਿਸਮਾਦ ਰੰਗਾਂ ਵਿਚ ਭਗਤੀ ਕਰਦੇ ਹਨ। ਪਰ ਕੋਈ ਵਿਰਲੇ ਹੀ ਗੁਰਮੁਖ ਜਨ ਇਸ ਭੇਦ ਨੂੰ ਜਾਣਦੇ ਹਨ ਤੇ ਇਸ ਰਮਜ਼ ਨੂੰ ਪਛਾਣਦੇ ਹਨ ਕਿ ਹੁਕਮ ਰਜ਼ਾਈ ਚਲ ਕੇ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ' ਦੇ ਭਾਵ ਅਨੁਸਾਰ ਇਸ ਲੋਕ ਵਿਖੇ ਨਿਤਾਪ੍ਰਤਿ ਅੰਮ੍ਰਿਤ ਵੇਲਾ ਸੰਭਾਲ ਕੇ, ਅਤੁਟ ਨਾਮ-ਅਭਿਆਸ ਕਮਾਈਆਂ ਕਰ ਕੇ, ਸਿਫ਼ਤ ਸਾਲਾਹੀਆਂ ਵਡਿਆਈਆਂ ਵੀਚਾਰ ਕੇ, ਆਯੂ ਪ੍ਰਯੰਤ ਸ਼ਬਦ ਗੁਰ ਮੰਤ੍ਰ ਦੀ ਕਮਾਈ ਕਰ ਕੇ ਤਾਂ ਦਰਗਾਹ ਜਾ ਕੇ ਸਚੁ-ਸ਼ਬਦ ਨਿਸ਼ਾਨੀ-ਸਨਮੁਖ ਭਗਤੀ ਦਾ ਹਾਜ਼ਰਾ ਹਜ਼ੂਰ ਬਾਸ ਪ੍ਰਾਪਤਿ ਹੁੰਦਾ ਹੈ–ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥

ਹਾਂ ਜੀ ! ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ, "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ" ॥ ਏਹੁ ਸਚੁ ਸਿਫ਼ਤਿ ਸਾਲਾਹ, ਅਰਥਾਤ, ਵਡਿਆਈ ਵੀਚਾਰੁ ਵੇਲਾ ਸੰਮਾਲਿਆਂ, ਮਨੁਖਾ ਜਨਮ ਦੀ ਸਮੱਗਰ ਯਾਤਰਾ ਵਿਚਿ ਸੰਮਾਲਿਆਂ ਹੀ, ਹਾਂ ਜੀ ! ਏਥੇ ਸੱਚ ਸੰਮਾਲੀਦਾ ਹੈ, ਉਥੇ ਪਰਵਾਨ ਪ੍ਰਾਪਤੀ ਬਿਰਦ ਪਾਲੀਦਾ ਹੈ। ਕਿਹੜਾ ਸਚੁ ? ਨਾਮ ਸਿਫ਼ਤਿ ਸਾਲਾਹ ਰੂਪੀ ਸਚੁ। 'ਸਚੁ', 'ਨਾਮੁ' ਤੇ 'ਵਡਿਆਈ ਵੀਚਾਰੁ' (ਸਿਫ਼ਤਿ ਸਾਲਾਹ)


www.AKJ.Org

ਤਿੰਨੇ ਇਕੋ ਅਰਥਾਂ ਵਿਚਿ ਹੀ ਅਰਥਾਏ ਗਏ ਹਨ। ਨਾਮ ਰੂਪੀ ਸਚੁ, ਸਿਫ਼ਤਿ ਸਾਲਾਹ ਰੂਪੀ ਸਚੁ ਸੰਮਾਲਣ ਦਾ ਵੇਲਾ ਅੰਮ੍ਰਿਤ ਵੇਲਾ ਹੈ। ਇਹ ਅੰਮ੍ਰਿਤ ਵੇਲਾ ਸਫਲਾ ਕੀਤਿਆਂ, ਸਾਰੀ ਉਮਰ ਸੁਆਸਿ ਸੁਆਸਿ ਸ਼ਬਦ ਅਭਿਆਸ ਕਮਾਈ ਅੰਦਰਿ ਸਫ਼ਲਾ ਕੀਤਿਆਂ "ਦਰਗਹ ਨਾਮੁ ਹਦੂਰਿ" "ਵੇਲਾ ਸਚੁ ਪਰਵਾਣੁ" ਦਾ ਮਰਤਬਾ ਮਿਲਦਾ ਹੈ।

ਪਰ ਇਹ ਸੱਚ ਨਾਮ ਰੂਪੀ ਤੋਸਾ 'ਸਤੁ' ਸੰਤੋਖੁ' ਅਤੇ 'ਭਾਉ' ਦੇ ਗੁਰਮਤਿ ਗੁਣ ਕਮਾਇਆਂ ਹੀ ਪ੍ਰਾਪਤਿ ਹੁੰਦਾ ਹੈ ਅਤੇ ਮਨ ਵਿਚੋਂ ਸਗਲੇ ਵਿਕਾਰ, ਜੋ ਗੁਰਮੁਖ ਜਨ ਛਡਦਾ (ਕਢਦਾ) ਹੈ, ਤਿਸ ਨੂੰ ਸੱਚਾ ਸਾਹਿਬ (ਵਾਹਿਗੁਰੂ) 'ਸਚੁ' ਦਿੰਦਾ ਹੈ, ਅਰਥਾਤ, ਨਾਮ ਦੀ ਸੱਚੀ ਦਾਤਿ ਦਿੰਦਾ ਹੈ।

ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ ॥
ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ ॥੫॥ (ਪੰਨਾ ੪੨੨)

ਭਾਵ, ਸਚੁ ਰੂਪੀ ਨਾਮੁ ਤੋਸਾ, ਅਥਵਾ, ਨਾਮ ਰੂਪੀ ਸੱਚ ਤੋਸਾ ਸੱਚਾ ਸਾਹਿਬ (ਵਾਹਿਗੁਰੂ ਸੱਚਾ) ਤਿਸੇ ਗੁਰਮੁਖ ਜਨ ਨੂੰ ਦਿੰਦਾ ਹੈ ਜੋ ਮਨਹੁ ਵਿਕਾਰ ਛਡਦਾ ਹੈ ਅਤੇ ਸਤੁ ਸੰਤੋਖੁ ਤੇ ਭਾਉ ਦੇ ਗੁਰਮਤਿ ਗੁਣ ਵਿਹਾਜਦਾ ਹੈ। ਇਸ ਦੁਤੁਕੀ ਦੀ ਪਿਛਲੀ ਤੁਕ ਅੰਦਰਿ 'ਸਚਾ' ਪਦ ਨਾਮੀ ਵਾਹਿਗੁਰੂ ਪ੍ਰਥਾਇ ਅਤੇ 'ਸਚੁ' ਪਦ ਵਾਹਿਗੁਰੂ ਨਾਮ ਪ੍ਰਥਾਇ ਵਰਤਿਆ ਗਿਆ ਹੈ। ਇਸ ਵਿਚ ਸੰਦੇਹ ਹੀ ਕੋਈ ਨਹੀਂ। ਫੇਰ ਅਗਲੀ ਤੁਕ "ਸਚੇ ਸਚਾ ਨੇਹੁ ਸਚੈ ਲਾਇਆ" ਅੰਦਰਿ ਸਚੇ ਤੋਂ ਭਾਵ ਹੈ ਸਚਾ ਨਾਮ, ਸਚੁ ਨਾਮੁ (ਨਾਮ ਰੂਪੀ ਸਚੁ), ਅਤੇ "ਸਚੈ" ਤੋਂ ਭਾਵ ਹੈ ਸਚੇ ਵਾਹਿਗੁਰੂ ਨੇ। ਸਾਰੀ ਤੁਕ ਦਾ ਭਾਵ-ਅਰਥ ਇਹ ਬਣਿਆ :—"ਸੱਚੇ ਵਾਹਿਗੁਰੂ ਨੇ ਸੱਚ ਨਾਮ ਦਾ ਸੱਚਾ ਨੇਹੁ ਲਾਇਆ।" ਸਚ ਨਾਮ ਨਾਲਿ ਸੱਚਾ ਨੇਹੁ ਆਪ ਸੱਚਾ ਸਾਹਿਬ ਹੀ ਲਾਉਂਦਾ ਹੈ, ਅਤੇ ਨੇਹੁ ਲਾ ਕੇ ਫੇਰ ਆਪੇ ਨਿਆਉਂ ਕਰਦਾ ਹੈ, ਜਿਵੇਂ ਤਿਸ ਨੂੰ ਭਾਉਂਦਾ ਹੈ—'ਆਪੇ ਕਰੇ ਨਿਆਉ ਜੋ ਤਿਸੁ ਭਾਇਆ।' ਭਗਤਾਂ ਦੀ ਭਗਤਿ-ਕਮਾਈ ਦਾ ਫਲ-ਪਰਦਾਤਾ ਆਪ ਹੈ—ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ।' (ਪੰਨਾ ੮੫੯) ਇਹ ਤਿਸ ਦਾ ਸੱਚਾ ਨਿਆਉਂ ਹੈ। ਫੇਰ ਅਗਲੀਆਂ ਦੋ ਤੁਕਾਂ ਅੰਦਰਿ—

ਸਚੇ ਸਚੀ ਦਾਤਿ ਦੇਹਿ ਦਇਆਲੁ ਹੈ ॥
ਤਿਸੁ ਸੇਵੀ ਦਿਨੁ ਰਾਤਿ ਨਾਮੁ ਅਮੋਲੁ ਹੈ ॥੭॥ (ਪੰਨਾ ੪੨੨)

ਨਾਮ ਅਮੋਲ ਰੂਪੀ ਸਚੀ ਦਾਤਿ ਨੂੰ ਹੀ ਸਚੁ ਆਖਿਆ ਭਾਖਿਆ ਗਿਆ ਹੈ। ਹੇ ਸੱਚੇ ਵਾਹਿਗੁਰੂ ! ਜਿਸੁ ਤੂੰ ਨਾਮ ਅਮੋਲ ਰੂਪੀ ਸਚੀ ਦਾਤਿ ਦੇਵੇਂ, ਤਿਸ ਤੇ ਤੂੰ ਖ਼ਾਸ ਖ਼ਸੂਸੀਅਤ ਨਾਲ ਦਇਆਲ ਹੈਂ। ਤਿਸ ਅਮੋਲ ਨਾਮ ਰੂਪੀ ਸੱਚੀ ਦਾਤਿ ਨੂੰ ਮੈਂ ਦਿਨ ਰਾਤ ਸੇਵਦਾ ਸਿਮਰਦਾ ਰਹਾਂ। ਇਹ ਸੱਚਾ ਉਮਾਉ ਚਾਉ ਹੈ ਸਚੇ ਭਗਤਿ ਜਨ ਦਾ। ਵਾਹ ਵਾਹ ! ਅਗੇ ਕੈਸੀ ਨਿਮਰੀ ਭਾਵ ਵਾਲੀ ਪ੍ਰੇਮ ਭਗਤਿ ਬਿਨੋਦੀ ਬਿਨੈ ਹੈ—

ਤੂੰ ਉਤਮੁ ਹਉ ਨੀਚੁ ਸੇਵਕੁ ਕਾਂਢੀਆ ॥
ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਆ ॥੮॥੨੧॥ (ਪੰਨਾ ੪੨੨)

ਹੇ ਵਾਹਿਗੁਰੂ ! ਤੂੰ ਅਤਿ ਉਤਮ ਹੈਂ, ਮੈਂ ਅਤਿ ਨੀਚ ਹਾਂ। ਪਰ ਤੈਂ ਹੁਣ ਕਢ ਕੇ ਮੈਨੂੰ ਆਪਣਾ ਸੇਵਕ ਬਣਾਇਆ ਹੈ। ਹੁਣ ਆਪਣੀ ਇਹ ਨਦਰ-ਕਰੰਮੀ ਕਿਰਪਾ ਧਾਰਿ, ਕਿ ਮੈਂ ਤੈਥੋਂ ਵਿਛੜੇ ਬਿਰਹੀ ਨੂੰ ਨਾਮ ਰੂਪੀ ਸਚ ਦੀ ਸਚੀ ਦਾਤਿ ਮਿਲੇ ਅਤੇ ਮਿਲ ਕੇ ਮਿਲੀ ਹੀ ਰਹੇ। ਜਿਸ ਨਾਮ-ਦਾਤਿ ਦੀਆਂ ਕਮਾਈਆਂ ਕਰਿ, ਮੈਂ ਤੁਧੁ ਨਾਮੀ ਨੂੰ ਮਿਲਾਂ ਅਤੇ ਮਿਲਿਆ ਹੀ ਰਹਾਂ ਅਤੇ ਮਿਲ ਕੇ ਭੀ ਤੇਰੀ ਸਿਫ਼ਤਿ ਸਾਲਾਹ ਹੀ ਕਰਾਂ। ਸਿਫਤਿ ਸਾਲਾਹ ਦਾ ਸੱਚਾ ਸੁਆਦ ਤਾਂ ਸਿਫਤੀ ਨੂੰ ਮਿਲ ਕੇ ਹੀ ਆਉਂਦਾ ਹੈ। ਪ੍ਰੀਤਮ ਨੂੰ ਸਨਮੁਖ ਪੇਖਿਆਂ ਹੀ ਸੱਚੀ ਸਿਫਤਿ ਸਾਲਾਹ ਬਣਿ ਆਉਂਦੀ ਹੈ। ਅਤੇ ਬਿਸਮਾਦ ਰੰਗਾਂ ਵਿਚ ਅਤਿ ਅਧਿਭੁਤ, ਪਰਮ ਅਧਿਭੁਤ ਅਹਿਲਾਦ ਬਿਸਮਾਦ ਵਿਚਿ ਬਣਿ ਆਉਂਦੀ ਹੈ। ਨਾਮ ਰੂਪੀ ਸਿਫ਼ਤ ਸਾਲਾਹ ਦਾ ਪਾਰਾਵਾਰ ਹੀ ਨਹੀਂ, ਨਾ ਕੋਈ ਹਦ ਸ਼ੁਮਾਰ ਹੁੰਦਾ ਹੈ।

ਇਹ ਉਪਰਲੇ ਸਮੁਚੇ ਗੁਰਵਾਕ ਅੰਦਰਿ 'ਸਚੁ' ਦੇ ਅਰਥ ਅਤਿ (ਐਨ) ਨਿਰਣਾ ਕਰ ਕੇ, ਨਾਮ ਦੇ ਹੀ ਜਣਾਏ ਲਖਾਏ ਗਏ ਹਨ।


www.AKJ.Org

# ਸਬਦੁ ਗੁਰੂ ਸੁਰਤਿ ਧੁਨਿ ਚੇਲਾ

[ਭਾਈ ਮਦਨ ਸਿੰਘ ਜੀ, 11—ਐਪਾਲੋ-ਵੇ, ਬਰਮਿੰਘਮ-20, 3ND]

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ ਨਟ ਮ: ੪, (ਪੰਨਾ ੯੮੨)

ਸਿਖ ਪੰਥ ਦੇ ਮਹੱਲ ਦੀ ਉਸਾਰੀ 'ਗੁਰੂ-ਗਰੰਥ' ਅਤੇ 'ਗੁਰੂ-ਪੰਥ ਦੇ ਦੋ ਥੰਮ੍ਹਾਂ ਤੇ ਕੀਤੀ ਗਈ ਹੈ। ਗੁਰੂ ਕੇਵਲ ਨਿਰੰਕਾਰੀ ਜੋਤਿ ਹੈ, ਅਸਥੂਲ ਕਦੇ ਵੀ ਨਹੀਂ ਮੰਨੀ ਗਈ। ਗੁਰਬਾਣੀ ਵਿਚ ਦਰਜ ਹੈ—

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥ (ਪੰਨਾ ੭੫੯)

ਇਹ ਨਿਰੰਕਾਰੀ ਜੋਤਿ ਇਕ ਜਾਮੇ ਤੋਂ ਅਗਲੇ ਜਾਮੇ ਵਿਚ ਪ੍ਰਵੇਸ਼ ਕਰਦੀ ਰਹੀ। ਅੰਤ ਦਸਮ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਇਹ ਨਿਰੰਕਾਰੀ ਜੋਤਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਰਖੀ। ਉਪਰ ਲਿਖੇ ਖ਼ਿਆਲ ਦੀ ਪੁਸ਼ਟੀ ਮਥਰਾ ਭੱਟ ਜੀ ਕਰਦੇ ਹਨ—

ਜੋਤਿ ਰੂਪ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਨ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥ (ਪੰਨਾ ੧੪੦੮)

ਗੁਰੂ ਗੋਬਿੰਦ ਸਾਹਿਬ ਜੀ ਆਪਣੀ ਬਾਣੀ ਬਚਿਤ੍ਰ ਨਾਟਕ ਧਿ: ੫ ਵਿਚ ਲਿਖਦੇ ਹਨ ਕਿ ਸਤਿਗੁਰ ਦੀ **'ਨਿਰੰਕਾਰੀ ਜੋਤਿ'** ਹੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਅੰਦਰ ਵਰਤਦੀ ਰਹੀ। ਫ਼ੁਰਮਾਨ ਹੈ—

ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥ ਅਮਰਦਾਸ ਅੰਗਦ ਪਹਿਚਾਨਾ ॥
ਅਮਰਦਾਸ ਰਾਮਦਾਸ ਕਹਾਯੋ ॥ ਸਾਧਨਿ ਲਖਾ, ਮੂੜ੍ਹ ਨਹਿ ਪਾਯੋ ॥੯॥
ਰਾਮਦਾਸ ਹਰਿ ਸੋ ਮਿਲ ਗਏ ॥ ਗੁਰਤਾ ਦੇਤ ਅਰਜਨਹਿ ਭਏ ॥
ਜਬ ਅਰਜਨ ਪ੍ਰਭ ਲੋਕ ਸਿਧਾਏ ॥ ਹਰਿ ਗੋਬਿੰਦ ਤਿਹ ਠਾਂ ਠਹਿਰਾਏ ॥੧੧॥
ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ ॥ ਹਰੀ ਰਾਇ ਤਿਹ ਠਾਂ ਬੈਠਾਰੇ ॥
ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ ॥ ਤਿਨ ਤੇ ਤੇਗ ਬਹਾਦਰ ਭਏ ॥੧੨॥
ਭਿੰਨ ਭਿੰਨ ਸਬਹੂੰ ਕਰ ਜਾਨਾ ॥ ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧ ਪਾਈ ॥ ਬਿਨ ਸਮਝੇ ਸਿਧ ਹਾਥ ਨ ਆਈ ॥੧੦॥

ਅਕਾਲ ਪੁਰਖ ਸਾਰੇ ਪ੍ਰਾਣੀਆਂ ਵਿਚ "ਸਬਦੁ ਗੁਰੂ' ਰੂਪ ਵਿਚ ਭਰਪੂਰ ਹੈ, ਪਰੰਤੂ ਉਸ ਦਾ ਗੁਰੂ ਸਰੂਪ ਅੱਡ ਹੈ। ਭਾਵ ਸਪਸ਼ਟ ਹੈ ਕਿ ਗੁਰੂ ਨਾਨਕ ਕਿਸੇ ਦੇਹ ਦਾ ਨਾਮ ਨਹੀਂ, 'ਗੁਰੂ' ਜੋਤਿ ਦਾ ਨਾਮ ਹੈ। ਗੁਰੂ ਵਿਅਕਤੀਆਂ ਅੰਦਰ ਇਕੋ 'ਅਕਾਲੀ ਜੋਤਿ' ਪ੍ਰਵੇਸ਼ ਹੋਣ ਬਾਰੇ 'ਰਾਇ ਬਲਵੰਡ ਤਥਾ ਸਤਾ ਡੂਮ' ਦੀ ਵਾਰ ਵਿਚ ਵੀ ਸਪਸ਼ਟ ਸੰਕੇਤ ਮਿਲਦਾ ਹੈ—

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥੨॥ (ਪੰਨਾ ੯੬੬)

ਇਸੇ ਕਰਕੇ ਵਖ ਵਖ ਗੁਰੂ-ਜਾਮਿਆਂ ਅੰਦਰ ਜੋ ਬਾਣੀ ਪਰਗਟ ਹੁੰਦੀ ਰਹੀ, ਉਹ ਸਾਰੀ "ਨਾਨਕ" ਨਾਮ ਦੀ

ਮੁਹਰ-ਛਾਪ ਹੇਠ ਹੀ ਉਚਾਰੀ ਗਈ। ਇਹ ਤੱਥ ਸਿਧ ਕਰਦੇ ਹਨ ਕਿ ਗੁਰ-ਮੰਤਰ, ਗੁਰ-ਦੀਖਿਆ ਦੇਣ ਦਾ ਅਧਿਕਾਰ ਅਸਥੂਲ ਸਰੀਰਾਂ ਨੂੰ ਨਹੀਂ, ਸਗੋਂ ਇਹ ਜੁਗਤਿ ਵਰਤਾਉਣ ਲਈ ਗੁਰੂ-ਜਾਮਿਆਂ ਅੰਦਰ ਵਿਆਪ ਰਹੀ 'ਅਕਾਲੀ ਜੋਤਿ' ਹੀ ਹੈ। ਅਕਾਲ ਪੁਰਖ ਵਲੋਂ ਗੁਰ-ਮੰਤਰ ਦੇਣ ਦਾ ਹੱਕ ਗੁਰੂ-ਜੋਤਿ ਨੂੰ ਹੈ, ਨਾ ਕਿ ਕਿਸੇ ਹੱਡ, ਚੰਮ, ਮਾਸ ਦੇ ਮੜੇ ਸਰੀਰ ਨੂੰ।"

ਸ਼ਬਦ-ਗੁਰੂ ਸਭ ਪ੍ਰਾਣੀਆਂ ਦੇ ਹਿਰਦੇ ਵਿਚ ਗੁਪਤ ਰੂਪ ਵਿਚ ਵਸਦਾ ਹੈ। ਜਿਹੜੀ ਵੀ ਸੁਰਤ ਉਸ ਤਕ ਪਹੁੰਚ ਜਾਏ, ਉਸ ਨੂੰ ਸਤਿਗੁਰੂ ਆਪਣੇ ਉਪਦੇਸ਼ ਨਾਲ ਨਿਹਾਲ ਕਰਦਾ ਹੈ। ਇਹ ਸ਼ਬਦ-ਗੁਰੂ ਬਾਬੇ ਨਾਨਕ ਦੇ ਹਿਰਦੇ ਵਿਚ ਉਸ ਵੇਲੇ ਵੀ ਸੀ ਜਦੋਂ ਅਕਾਲ ਪੁਰਖ ਨੇ ਆਪਣੀ ਗੁਰੂ-ਜੋਤਿ ਬਾਬਾ ਜੀ ਵਿਚ ਸਥਾਪਤ ਕੀਤੀ। ਜਿਥੇ ਓਅੰਕਾਰ ਜਾਂ ਸ਼ਬਦੁ ਘਟ ਘਟ ਵਿਚ ਬਿਰਾਜ ਰਿਹਾ ਹੈ ਉਥੇ ਗੁਰੂ ਕੇਵਲ ਨਿਰੰਕਾਰ ਵਿਚ ਹੀ ਸਮਾਇਆ ਹੋਇਆ ਹੈ। ਉਹ ਗੁਰੂ ਜੋਤਿ ਜੋ ਕੇਵਲ ਨਿਰੰਕਾਰ ਵਿਚ ਹੀ ਸਮਾਈ ਹੋਈ ਹੈ, ਉਹੀ ਗੁਰੂ ਜੋਤਿ ਨਿਰੰਕਾਰ ਨੇ ਬਾਬੇ ਦੀ ਦੇਹ ਵਿਚ ਰਖੀ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ-ਗੁਰੂ ਦਾ ਸਿਧਾਂਤ ਦਿਤਾ ਤੇ ਇਲਾਹੀ ਬਾਣੀ ਵਿਚ ਸਾਰਥਕ ਰੂਪ ਵਿਚ ਦ੍ਰਿੜ੍ਹਾਇਆ। ਇਸੇ ਸਿਧਾਂਤ ਅਧੀਨ ਗੁਰਬਾਣੀ ਦਾ ਸੰਕਲਿਨ ਹੋਇਆ।

ਗੁਰੂ ਨਾਨਕ ਦੇ ਆਗਮਨ ਸਮੇਂ ਭਾਰਤ ਵਿਚ ਦੋ ਵੱਡੇ ਧਰਮ ਪ੍ਰਚਲਤ ਸਨ। ਦੋਨੋਂ ਹੀ, ਭਾਵ ਹਿੰਦੂ ਅਤੇ ਮੁਸਲਮਾਨ, ਇਕ ਦੂਸਰੇ ਦੇ ਵਿਰੋਧੀ ਤੇ ਆਪੋ ਆਪਣੀ ਧਰਮ-ਫ਼ਿਲਾਸਫ਼ੀ ਨੂੰ ਚੰਗਾ ਚੰਗਾ ਆਖ, ਖਹਿ ਖਹਿ ਮਰ ਰਹੇ ਸਨ। ਰਾਜ ਲੋਭ ਦਾ ਸੀ, ਚੌਕੀਦਾਰੀ ਕਾਮ ਦੀ ਸੀ, ਸਰਦਾਰੀ ਕੂੜ ਦੀ ਸੀ ਅਤੇ ਜਨਤਾ ਅਗਿਆਨਤਾ ਦੇ ਹਨੇਰੇ ਵਿਚ ਫਸੀ ਹੋਈ ਸੀ। ਸੱਚ ਤੇ ਸਦਾਚਾਰ ਕਿਤੇ ਨਜ਼ਰ ਨਹੀਂ ਸੀ ਆਉਂਦਾ। ਧਰਮ ਦੇ ਰਾਖੇ ਠੇਕੇਦਾਰ ਧਰਮ ਨੂੰ ਵੇਚ ਰਹੇ ਸਨ। ਗੱਲ ਕੀ, ਹਰ ਪਾਸੇ ਹਨੇਰਾ ਤੇ ਕੂੜ ਪ੍ਰਧਾਨ ਸੀ। ਗੁਰਵਾਕ—

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥ ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥੨॥੧੧॥ ਆਸਾ ਕੀ ਵਾਰ

ਹਿੰਦੂ ਧਰਮ ਕਰਮ-ਕਾਂਡਾਂ, ਜਾਤ-ਪਾਤ ਤੇ ਮੂਰਤੀ-ਪੂਜਾ ਦੀ ਜਿਲ੍ਹਣ ਵਿਚ ਫਸਿਆ ਪਿਆ ਸੀ। ਭਰਮ-ਭੁਲੇਖਿਆਂ ਵਿਚ ਫਸੀ-ਲੁਕਾਈ ਕੁਰਲਾ ਰਹੀ ਸੀ। ਬਾਂਹ ਫੜਨ ਵਾਲਾ ਕੋਈ ਨਜ਼ਰ ਨਹੀਂ ਸੀ ਆਉਂਦਾ। ਭਾਈ ਗੁਰਦਾਸ ਜੀ ਇਸ ਦਾ ਵਰਨਣ ਵਾਰਾਂ ਵਿਚ ਇਉਂ ਕਰਦੇ ਹਨ—

ਕਿਸੇ ਪੂਜਾਈ ਸਿਲਾ ਸੁੰਨਿ ਕੋਈ ਗੋਰੀ ਮੜੀ ਪੁਜਾਵੈ ॥ ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ ॥ ਆਪੋ ਧਾਪੋ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ ॥ ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ ॥ ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ ॥ ਫੋਕਟਿ ਧਰਮੀ ਭਰਮਿ ਭੁਲਾਵੈ ॥੧੮॥ (ਵਾਰ ਪਹਿਲੀ)

ਗੁਰਬਾਣੀ ਨੇ ਨਿਰਣਾ ਕੀਤਾ ਹੈ ਕਿ ਸਾਰੀ ਲੁਕਾਈ ਭੁਲੀ ਫਿਰਦੀ ਹੈ, ਕੇਵਲ ਸਤਿਗੁਰੁ ਹੀ ਜਾਗਤ-ਜੋਤਿ ਪ੍ਰਕਾਸ਼ ਸਰੂਪ ਦੇਵ ਹੈ—

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥
ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥ਰਹਾਉ॥ (ਪੰਨਾ ੪੭੯)

ਮੁਸਲਮਾਨ ਹਾਕਮ ਉਸ ਸਮੇਂ ਤਾਕਤ ਦੇ ਨਸ਼ੇ ਵਿਚ ਕੁਕਰਮ ਕਰ ਰਹੇ ਸਨ। ਮੋਮਨ ਤੇ ਕਾਫ਼ਰ ਦੇ ਵਿਤਕਰੇ ਪਾ ਕੇ ਮਨ-ਮਾਨੀਆਂ ਕਰ ਰਹੇ ਸਨ। ਗੁਰਬਾਣੀ ਦਾ ਫ਼ੁਰਮਾਨ ਹੈ—

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥੧॥੧੬॥ (ਪੰਨਾ ੧੪੫)
ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥੧॥ (ਪੰਨਾ ੬੫੪)



www.AKJ.Org

ਸਮਾਜ ਦੀ ਇਹੋ ਜਿਹੀ ਦੁਰਦਸ਼ਾ ਵੇਖ ਕੇ ਗੁਰੂ ਬਾਬੇ ਨੂੰ ਤਰਸ ਆਇਆ ਅਤੇ ਅਕਾਲ ਪੁਰਖ ਦੇ ਚਰਨਾਂ ਵਿਚ ਜੋਦੜੀ ਕੀਤੀ:—ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥੧॥੧੦॥ (ਪੰਨਾ ੮੫੩)

ਭਾਈ ਗੁਰਦਾਸ ਜੀ ਦੇ ਲਿਖੇ ਅਨੁਸਾਰ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਲਈ ਗੁਰੂ ਨਾਨਕ ਪਾਤਸ਼ਾਹ ਨੇ "ਸ਼ਬਦ-ਗੁਰੂ' 'ਗੁਰ-ਬਾਣੀ' ਰਾਹੀਂ ਠੇਡੇ ਖਾਂਦੀ ਲੁਕਾਈ ਨੂੰ ਸਚ ਦਾ ਮਾਰਗ ਦਿਖਾਇਆ। ਸਿੱਧਾਂ ਦੇ ਇਕ ਸੁਆਲ "ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ" ਦੇ ਉਤਰ ਵਿਚ ਗੁਰੂ ਬਾਬੇ ਨੇ ਫ਼ੁਰਮਾਇਆ—

ਪਵਨ ਅਰੰਭ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥੪੪॥ (ਪੰਨਾ ੯੪੩)

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥

ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥੮॥੧॥ (ਪੰਨਾ ੬੩੫)

ਤਥਾ :—ਸਬਦੁ ਦੀਪਕੁ ਵਰਤੈ ਤਿਹੁ ਲੋਇ ॥੨॥੨॥ (ਪੰਨਾ ੬੬੪)

ਦੂਸਰੇ ਸ਼ਬਦਾਂ ਵਿਚ ਸਾਰੀ ਗੁਰਮਤਿ ਲਹਿਰ ਦਾ ਮੰਤਵ ਸ਼ਬਦ ਨੂੰ ਹੀ ਗੁਰਿਆਈ ਦਿਤੇ ਜਾਣ ਦਾ ਅਧਿਕਾਰ ਸਿਧ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਪੰਜਵੀਂ ਪਾਤਸ਼ਾਹੀ ਨੇ ੧੬੦੪ ਈਸਵੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਗੁਰਬਾਣੀ ਨੂੰ ਉਚਾ-ਥਾਂ ਦਿਤਾ ਅਤੇ ਸਤਿਕਾਰ ਵਜੋਂ ਗ੍ਰੰਥ ਸਾਹਿਬ ਦੇ ਨਿਵਾਸ-ਅਸਥਾਨ ਦੇ ਹੇਠ ਆਪਣਾ ਆਸਣ ਰਖਿਆ।

ਇਸ ਗ੍ਰੰਥ ਵਿਚ ਕਿਸੇ ਵੀ ਪ੍ਰਕਾਰ ਦਾ ਜ਼ਾਤ-ਪਾਤ, ਊਚ-ਨੀਚ, ਧਰਮ-ਕਰਮ, ਰੰਗ-ਰੂਪ, ਨਸਲ ਤੇ ਦੇਸ਼-ਬਦੇਸ਼ ਦਾ ਵਿਤਕਰਾ ਨਹੀਂ। ਇਸ ਗ੍ਰੰਥ ਵਿਚ ਸਤਿਗੁਰਾਂ ਦੀ ਬਾਣੀ ਤੋਂ ਇਲਾਵਾ ਸੰਤ-ਕਵੀਆਂ, ਸੂਫੀ ਫ਼ਕੀਰਾਂ ਤੇ ਭੱਟਾਂ ਦੀ ਰਚਨਾ ਨੂੰ ਵੀ ਸਮਾਨ ਦਰਜਾ ਦਿਤਾ ਗਿਆ, ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਿਸ਼ਵ ਮਨੁੱਖਤਾ ਦੇ ਪ੍ਰਤੀਨਿਧ ਸਮਝਿਆ ਜਾਣਾ ਹੀ ਯੋਗ ਹੈ। ਭਾਰਤ ਦੇ ਪ੍ਰਸਿਧ ਫਿਲਾਸਫ਼ਰ ਤੇ ਸਾਬਕਾ ਰਾਸ਼ਟਰਪਤੀ ਡਾ: ਰਾਧਾ ਕ੍ਰਿਸ਼ਨਨ ਦੇ ਲਫ਼ਜ਼ਾਂ ਵਿਚ "ਸ੍ਰੀ ਗੁਰੂ ਗ੍ਰੰਥ ਸਾਰੇ ਪੀਰਾਂ-ਪੈਗੰਬਰਾਂ ਦੀ ਜੀਊਂਦੀ ਜਾਗਦੀ ਆਵਾਜ਼ ਹਨ।"

ਸ੍ਰੀ ਗੁਰੂ ਅਮਰਦਾਸ ਜੀ ਦੇ ਸਿਰੀ ਰਾਗ ਵਿਚਲੇ ਹੁਕਮ ਅਨੁਸਾਰ—

"ਗੁਰਬਾਣੀ ਇਸੁ ਜਗ ਮਹਿ ਚਾਨਣੁ" (ਪੰਨਾ ੬੭) ਹੈ।

ਗੁਰਬਾਣੀ ਸੰਸਾਰ ਲਈ ਚਾਨਣ-ਮੁਨਾਰਾ ਹੈ। ਇਹ ਰਾਹ ਤੋਂ ਖੁੰਝੇ ਪਾਂਧੀ ਨੂੰ ਗਾਡੀ-ਰਾਹ ਤੇ ਲਿਆਉਂਦੀ ਹੈ ਅਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਂਦੀ ਹੈ।

ਦੁਨੀਆ ਵਿਚਲੇ ਸਭ ਧਾਰਮਿਕ ਗ੍ਰੰਥਾਂ ਦੀ ਪਰੰਪਰਾ ਆਪੋ ਆਪਣੀ ਹੈ। ਗੁਰੂ ਗ੍ਰੰਥ ਸਾਹਿਬ ਦੀ ਵਿਸ਼ੇਸ਼ਤਾ ਤੇ ਨਿਰਾਲੇਪਣ ਬਾਰੇ ਮਿਸਟਰ ਮੈਕਾਲਿਫ਼ ਆਪਣੀ ਪ੍ਰਸਿਧ ਪੁਸਤਕ Sikh Religion (ਸਿੱਖ–ਰੀਲੀਜਨ) ਵਿਚ ਲਿਖਦਾ ਹੈ—

"ਸਿਧਾਂਤਾਂ ਦੀ ਪ੍ਰਮਾਣਿਕਤਾ ਦੇ ਪੱਖ ਤੋਂ ਸਿੱਖ-ਮੱਤ ਦੂਜੇ ਮੱਤਾਂ ਨਾਲੋਂ ਨਿਰਾਲਾ ਹੈ। ਸੰਸਾਰ ਦੇ ਬਹੁਤ ਸਾਰੇ ਧਾਰਮਿਕ ਮਹਾਂ ਪੁਰਸ਼ ਆਪਣੇ ਪਿੱਛੇ ਸ੍ਵੈ-ਰਚਿਤ ਇਕ ਵੀ ਸਤਰ ਨਹੀਂ ਛਡ ਗਏ। ਅਸੀਂ ਉਨ੍ਹਾਂ ਦੀ ਸਿਖਿਆ ਕੇਵਲ ਰਵਾਇਤਾਂ ਜਾਂ ਦੂਜਿਆਂ ਵਲੋਂ ਦਿਤੀ ਜਾਣਕਾਰੀ-ਆਸਰੇ ਹੀ ਜਾਣਦੇ ਹਾਂ, ਲੇਕਿਨ ਸਿਖ-ਸਤਿਗੁਰਾਂ ਦੀ ਬਾਣੀ ਉਹਨਾਂ ਖੁਦ ਸੰਭਾਲੀ। ਉਹਨਾਂ ਜਿਵੇਂ ਛੰਦਾ-ਬੰਦੀ ਵਿਚ ਰਚੀ ਉਵੇਂ ਜਿਵੇਂ ਸ਼ੁਧ ਰੂਪ ਵਿਚ ਮੌਜੂਦ ਹੈ।"

ਦੁਨੀਆ ਦਾ ਪ੍ਰਸਿਧ ਲਿਖਾਰੀ ਤੇ ਫਿਲਾਸਫਰ ਡਾ: ਬਰਨਾਰਡ ਸ਼ਾਅ ਗੁਰਬਾਣੀ ਦਾ ਅਧਿਐਨ ਕਰਨ ਬਾਅਦ ਲਿਖਦਾ ਹੈ :—

"ਸਿੱਖੀ ਇਕ ਸਰਬ-ਵਿਆਪਕ ਅਥਵਾਂ ਸੰਪੂਰਨ ਜਗਤ-ਧਰਮ ਹੈ, ਜੋ ਮਨੁੱਖ ਮਾਤਰ ਨੂੰ ਸਮਾਨਤਾ ਦਾ ਸੰਦੇਸ਼ ਦਿੰਦਾ ਹੈ। ਇਸ ਗੱਲ ਦੀ ਗੁਰਬਾਣੀ ਵਿਚ ਰੱਜ ਕੇ ਵਿਆਖਿਆ ਕੀਤੀ ਗਈ ਹੈ। ਸਿੱਖਾਂ ਨੂੰ ਇਉਂ ਨਹੀਂ



www.AKJ.Org

ਸੋਚਣਾ ਚਾਹੀਦਾ ਕਿ ਸਿੱਖੀ ਇਕ ਹੋਰ ਚੰਗਾ ਧਰਮ ਹੈ, ਸਗੋਂ ਇਸ ਦੇ ਉਲਟ ਇਉਂ ਸੋਚਣਾ ਚਾਹੀਦਾ ਹੈ ਕਿ ਕੇਵਲ ਸਿੱਖੀ ਹੀ ਨਵੇਂ ਯੁਗ ਦਾ ਧਰਮ ਹੈ। ਇਹ ਪੂਰਨ ਤੌਰ ਤੇ ਪੁਰਾਣੇ ਮੱਤਾਂ ਦੀ ਥਾਂ ਮਲਦਾ ਹੈ। ਸਚਾਈ ਇਹ ਹੈ ਕਿ ਸਿੱਖ ਧਰਮ ਵਰਤਮਾਨ ਮਨੁੱਖ ਦੀਆਂ ਉਲਝਣਾਂ ਦਾ ਵਾਹਦ ਹੱਲ ਹੈ ਤੇ ਪ੍ਰਸ਼ਨਾਂ (ਸੰਸਿਆਂ) ਦਾ ਉੱਤਰ ਹੈ।"

ਗੁਰਬਾਣੀ ਤੇ ਸਾਇੰਸ ਕਈ ਪੱਖਾਂ ਤੇ ਵਖ ਵਖ ਜਾਪਦੀ ਹੈ। ਸਾਇੰਸ ਭਾਵੇਂ ਅੰਤਾਂ ਦੀ ਖੋਜ ਕਰ ਕੇ ਸਿਖਰਾਂ ਤੇ ਪੁਜੀ ਦਿਸਦੀ ਹੈ, ਪਰੰਤੂ ਉਹ ਅਜੇ ਤਕ ਗੁਰਬਾਣੀ ਦੇ ਅਥਾਹ ਸਮੁੰਦਰ ਦਾ ਪਾਰਾਵਾਰ ਨਹੀਂ ਪਾ ਸਕੀ, ਮਿਸਾਲ ਦੇ ਤੌਰ ਜਪੁਜੀ ਵਿਚ ਵੇਖੋ–

ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥੧੬॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥੩੬॥
ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥੩੭॥
ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥੨੨॥ ਜਪੁਜੀ

ਅਤੇ– ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ...(੬੧੨)

ਅੰਤ ਸਾਇੰਸ ਨੂੰ ਹੋਰ ਧਰਤੀਆਂ, ਚੰਦਰਮਾਂ, ਸੂਰਜਾਂ ਆਦਿ ਸਿਤਾਰਿਆਂ ਦੀ ਹੋਂਦ ਨੂੰ ਮੰਨਣਾ ਪਿਆ ਤੇ ਇਹ ਗਿਆਨ ਗੁਰੂ ਗ੍ਰੰਥ ਸਾਹਿਬ ਦੀ ਖੋਜ ਕੀਤਿਆਂ ਹੀ ਪ੍ਰਾਪਤ ਹੋ ਸਕਦਾ ਹੈ। ਹਜ਼ਾਰਾਂ ਹੀ ਸਾਲਾਂ ਤੋਂ ਸਾਇੰਸ ਇਸ ਥਿਉਰੀ ਤੇ ਪਹਿਰਾ ਦਿੰਦੀ ਆ ਰਹੀ ਸੀ ਕਿ ਸੂਰਜ ਖਲੋਤਾ ਹੈ ਅਤੇ ਧਰਤੀ ਤੇ ਚੰਦ, ਸੂਰਜ ਦੇ ਦੁਆਲੇ ਘੁੰਮਦੇ ਹਨ। ਇਸ ਗੇੜ ਕਾਰਨ ਦਿਨ-ਰਾਤ ਬਣਦੇ ਹਨ, ਰੁਤਾਂ ਫਿਰਦੀਆਂ ਹਨ ਤੇ ਚੰਦ ਗ੍ਰਹਿਣ ਅਤੇ ਸੂਰਜ ਗ੍ਰਹਿਣ ਲਗਦਾ ਹੈ। ਪਰ ਗੁਰਬਾਣੀ ਇਸ ਤੱਥ ਨੂੰ ਸਪੱਸ਼ਟ ਕਰਦੀ ਹੈ ਕਿ :–

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥੧॥੪॥ (ਪੰਨਾ ੪੬੪)

ਆਦਿ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਬਾਣੀ ਉਚੀ ਭਾਂਤ ਦੀ ਰਹੱਸਵਾਦੀ, ਸੁਰੀਲੀ, ਰਸੀਲੀ, ਜੀਵਨ-ਦਾਤੀ, ਦੈਵੀ ਕਾਵਿ ਹੈ। ਇਸ ਦਾ ਵਿਸ਼ਾ-ਵਸਤੂ ਹੈ ਸਚੁ, ਕੇਵਲ ਸਚੁ ਤੇ ਪਰਮ ਸਚੁ। ਰਾਗ-ਬੱਧ ਹੋਣ ਕਰਕੇ ਪ੍ਰਾਣੀ ਮਾਤਰ ਲਈ ਹੋਰ ਵੀ ਵਧੇਰੇ ਖਿਚ ਦਾ ਕਾਰਨ ਬਣ ਰਹੀ ਹੈ। ਇਹ ਲੋਕ-ਧਾਰਨਾ ਦੇ ਆਦਰਸ਼ਾਂ ਅਤੇ ਵੰਨ-ਸਵੰਨੇ ਰੂਹਾਨੀ ਗੀਤਾਂ ਦੀ ਪਟਾਰੀ ਹੈ।

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਨੰਦੇੜ ਵਿਖੇ ੧੭੦੮ ਈਸਵੀ ਨੂੰ "ਪੋਥੀ ਪਰਮੇਸਰ ਕਾ ਥਾਨੁ" ॥...ਪੰਨਾ ੧੨੨੬ ਭਾਵ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਤੇ ਸੁਸ਼ੋਭਤ ਕੀਤਾ। ਸਰੂਪ ਦਾਸ ਭੱਲਾ ਕਰਤਾ 'ਮਹਿਮਾ ਪ੍ਰਕਾਸ਼' ਅਨੁਸਾਰ ਦਸਮੇਸ਼ ਜੀ ਨੇ ਆਪਣੇ ਸਿੱਖਾਂ ਨੂੰ ਹੁਕਮ ਕੀਤਾ ਕਿ "ਗੁਰੂ ਗ੍ਰੰਥ ਦਾ ਪਾਠ ਮੇਰੇ ਸਾਥ ਬਾਤ ਕਰਨ ਸਮਾਨ ਹੈ। ਮੇਰੀ ਆਤਮਾ ਗ੍ਰੰਥ ਸਾਹਿਬ ਵਿਚ ਅਤੇ ਸਰੀਰ ਪੰਥ ਵਿਚ ਹੋਵੇਗਾ।"

ਇਹ ਅਟੱਲ ਸਚਾਈ ਹੈ ਕਿ ਗੁਰਬਾਣੀ ਅਕਾਲ ਪੁਰਖ ਵਲੋਂ ਭੇਜੀ ਹੋਈ ਸਤਿਗੁਰਾਂ ਦੁਆਰਾ ਪਰਗਟ ਹੋਈ ਹੈ ਅਤੇ ਗੁਰਸਿਖ-ਪੁਤਰਾਂ ਲਈ ਸਤਿਗੁਰਾਂ ਜੀ ਦਾ ਫ਼ੁਰਮਾਨ ਹੈ–

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥੨॥੧੪॥ (ਪੰਨਾ ੩੦੮)

ਕਾਸ਼! ਅਸੀਂ ਨਾਮ-ਧਰੀਕ ਸਿਖ ਇਸ ਸਚਾਈ ਨੂੰ ਪੱਲੇ ਬੰਨ੍ਹ ਕੇ ਆਪਣੀਆਂ ਨਿੱਜੀ ਤੇ ਪੰਥਕ ਔਕੜਾਂ ਦਾ ਹਲ ਲਭਦੇ। ਇਹ ਗੁਰਬਾਣੀ ਹੀ ਹੈ ਜੋ ਮਨੁੱਖ ਦੇ ਜੀਵਨ ਦੇ ਸਾਰੇ ਪੱਖ ਇਕ-ਸਮਾਨ ਉਸਾਰਦੀ, ਉਭਾਰਦੀ ਤੇ ਉਸ ਨੂੰ ਸਹਿਜ ਮਾਰਗ ਦਾ ਪਾਂਧੀ ਬਣਾਉਂਦੀ ਹੈ, ਜਦ ਕਿ ਹੋਰ ਧਰਮ ਜੀਵਨ ਦੀ ਇਕ-ਪੱਖੀ ਉਸਾਰੀ ਹੀ ਕਰਦੇ ਹਨ।


www.AKJ.Org

# ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਗੁਰੂ-ਸਿੰਘਾਸਣ-ਕਾਲ

[ਪ੍ਰੋਫੈਸਰ ਜੋਗਿੰਦਰ ਸਿੰਘ ਜੀ, ਮੈਂਬਰ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

ਦਸ ਗੁਰੂ-ਪਾਤਿਸ਼ਾਹਾਂ ਵਿਚੋਂ 'ਗੁਰੂ ਹਰਿਕ੍ਰਿਸ਼ਨ ਸਾਹਿਬ' ਸੰਸਾਰਕ ਦ੍ਰਿਸ਼ਟੀ ਤੋਂ ਸਭ ਤੋਂ ਘੱਟ ਉਮਰ ਦੇ ਵੀ ਹਨ ਅਤੇ ਗੁਰੂ-ਸਿੰਘਾਸਣ ਉਤੇ, ਇਕ ਗੁਰੂ ਦੇ ਰੂਪ ਵਿਚ ਬਿਰਾਜਮਾਨ ਵੀ ਸਭ ਤੋਂ ਘੱਟ ਸਮਾਂ ਰਹੇ ਹਨ। ੭ ਜੁਲਾਈ, ੧੬੫੬ ਈ: ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਮਾਤਾ ਕ੍ਰਿਸ਼ਨ ਕੌਰ ਤੇ ਪਿਤਾ ਗੁਰੂ ਹਰਿ ਰਾਇ ਸਾਹਿਬ ਦੇ ਗ੍ਰਹਿ, ਕੀਰਤਪੁਰ ਸਾਹਿਬ ਦੀ ਧਰਤੀ ਉਤੇ ਹੋਇਆ ਸੀ। ੭ ਅਕਤੂਬਰ, ੧੬੬੧ ਨੂੰ ਗੁਰੂ ਹਰਿ ਰਾਇ ਸਾਹਿਬ ਦੇ ਵੱਡੇ ਸਪੁੱਤਰ 'ਰਾਮ ਰਾਇ' ਦੇ ਮੁਕਾਬਲੇ ਛੋਟੇ ਸਪੁੱਤਰ 'ਹਰਿਕ੍ਰਿਸ਼ਨ' ਜੀ ਨੂੰ ਗੁਰੂ-ਸਿੰਘਾਸਣ ਉਤੇ ਬਿਠਾ, ਪਹਿਲਾਂ ਆਪਣਾ ਗੁਰੂ-ਪਿਤਾ ਪਿਆਰ ਤੇ ਆਪਣੀਆਂ ਅਸੀਸ਼ਾਂ ਪ੍ਰਦਾਨ ਕੀਤੀਆਂ, ਫਿਰ ਗੁਰੂ-ਪ੍ਰੰਪਰਾ ਦੇ ਵਿਰਸੇ ਦੀ ਸੰਭਾਲ ਲਈ ਜਾਗਰੂਪ ਕੀਤਾ, ਅਖੀਰ ਸਮਕਾਲੀ ਤੇ ਸਰਕਾਰੀ ਗੁਰੂ-ਦੋਖੀਆਂ ਦੀ ਪਛਾਣ ਕਰਵਾ ਕੇ, ਗੁਰੂ-ਦਰਬਾਰ ਦੀ ਸਾਰੀ ਜ਼ਿੰਮੇਵਾਰੀ ਸੌਂਪ, ਸਭ ਪਾਸੇ ਇਹ ਐਲਾਨ ਕਰ ਦਿੱਤਾ, ਕਿ ਗੁਰੂ ਨਾਨਕ ਰਾਜ-ਸਿੰਘਾਸਣ ਦੇ ਵਾਰਿਸ ਤੇ ਮਾਲਕ ਰਾਮ ਰਾਇ ਨਹੀਂ, 'ਗੁਰੂ ਹਰਿਕ੍ਰਿਸ਼ਨ ਸਾਹਿਬ' ਹਨ। ਇਹੀ ਗੁਰੂ-ਪ੍ਰੰਪਰਾ ਦੇ ਅੱਠਵੇਂ ਪਾਤਿਸ਼ਾਹ ਹਨ। ਇਤਿਹਾਸ ਸਾਖੀ ਹੈ, ਕਿ ਪੰਜ ਸਾਲ ਦੀ ਇਹ ਬਾਲ ਸ਼ਖਸੀਅਤ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਰੂਪ ਵਿਚ ਜਦੋਂ ਗੁਰੂ-ਸਿੰਘਾਸਣ ਉਤੇ ਬਿਰਾਜਮਾਨ ਹੋ, ਸਾਰੇ ਭੂ-ਮੰਡਲ ਵਿਚ ਜੱਗਮੱਗ ਕਰਨ ਲਗੀ, ਤਾਂ ਸੰਸਾਰੀ ਸੋਚ ਵਾਲਿਆਂ ਨੇ ਭਰਮ-ਭੁਲੇਖਾ ਵੀ ਪ੍ਰਗਟਾਇਆ ਅਤੇ ਕਿੰਤੂ ਵੀ ਕੀਤਾ, ਕਿ 'ਬਾਲ-ਗੁਰੂ' ਗੁਰੂ-ਸਿੰਘਾਸਣ ਦੇ ਆਤਮਕ, ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਕਰਤੱਵਾਂ ਨੂੰ ਪਹਿਲੇ ਗੁਰੂ-ਪਾਤਿਸ਼ਾਹਾਂ ਵਾਂਗ ਕਿਵੇਂ ਨਿਬਾਹੇਗਾ? ਘਰੋਗੀ ਤੇ ਸਰਕਾਰੀ-ਵਿਰੋਧ ਤਾਂ ਪਹਿਲੇ ਨਾਲੋਂ ਵੀ ਵੱਧ ਗਿਆ, ਪਰ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਤਿੰਨ ਸਾਲ (੧੬੬੧-੬੪ ਈ:) ਦਾ ਗੁਰੂ-ਸਿੰਘਾਸਣ ਦਾ ਕਰਤੱਵ ਸਹਿਜੇ ਸਪਸ਼ਟ ਕਰਦਾ ਹੈ, ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਆਤਮਕ-ਰੰਗ, ਬਿਬੇਕ ਬੁਧਿ-ਪ੍ਰਕਾਸ਼, ਚਿੰਤਨ-ਦ੍ਰਿਸ਼ਟੀ, ਗੁਣ-ਰਾਸਿ ਤੇ ਪੱਦ-ਪਦਵੀ ਬਿਲਕੁਲ ਉਸੇ ਤਰ੍ਹਾਂ ਦੀ ਸੀ, ਜਿਵੇਂ ਪਹਿਲੇ ਗੁਰੂ-ਪਾਤਿਸ਼ਾਹਾਂ ਦੀ ਸੀ। ਗੁਰੂ ਗੋਬਿੰਦ ਸਿੰਘ ਜੀ ਜਦੋਂ 'ਚੰਡੀ ਦੀ ਵਾਰ' ਵਿਚ ਆਪਣੇ ਪੂਰਬਲੇ ਗੁਰੂ-ਪਾਤਿਸ਼ਾਹਾਂ ਦਾ ਅਭਿਨੰਦਨ ਕਰਨ ਲਗਦੇ ਹਨ, ਤਾਂ ਇੰਜ ਜਾਪਦਾ ਹੈ, ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ 'ਗੁਰੂ-ਕਰਤੱਵ ਤੇ ਯੋਗਦਾਨ' ਉਨ੍ਹਾਂ ਦੀ ਪ੍ਰਤੀਬੱਧਤਾ ਦਾ ਵਿਸ਼ੇਸ਼ ਕਾਰਨ ਬਣਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਹਰ ਗੁਰੂ-ਪਾਤਿਸ਼ਾਹ ਬਾਰੇ ਅੱਧਾ ਵਾਕ ਉਚਾਰਿਆ ਹੈ, ਪਰ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਰੇ ਇਕ ਪੂਰਾ ਵਾਕ—ਆਤਮਕ, ਸਮਾਜਕ ਤੇ ਸਭਿਆਚਾਰਕ ਤੌਰ ਤੇ ਇੰਨਾ ਭਾਵ-ਪੂਰਨ ਤੇ ਚਿੰਨ੍ਹਾਤਮਕ ਵਾਕ ਉਚਾਰਿਆ ਹੈ, ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਪ੍ਰਤਿੱਭਾ ਸਹਿਜੇ ਹੀ ਵੱਡੀ ਵੱਡੀ ਤੇ ਮਾਨਵਤਾ ਦੇ ਇਤਿਹਾਸ ਵਿਚ ਅਤਿ ਸਾਰਥਿਕ ਦਿੱਸਣ ਲਗ ਪੈਂਦੀ ਹੈ।

ਜਿਵੇਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਜਨਮ ਤੋਂ ਹੀ ਗੁਰਮਤਿ ਦੀ ਪਛਾਣ ਕਰ ਲਈ ਸੀ, ਇਸੇ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਵੀ ਜਨਮ ਤੋਂ ਹੀ ਗੁਰੂ-ਪਿਤਾ ਦਾ ਪਿਆਰ, ਮਾਤਾ ਦੀਆਂ ਅਸੀਸਾਂ ਤੇ ਸੰਗਤੀ ਵਾਤਾਵਰਣ ਵਿਚੋਂ ਆਪਣੇ ਆਪ ਨੂੰ ਗੁਰੂ-ਰੰਗ, ਨਾਮ-ਰੰਗ ਤੇ ਸੱਚ-ਰੰਗ ਨਾਲ ਰੰਗ ਲਿਆ ਸੀ। ਗੁਰੂ-ਰੰਗ, ਨਾਮ-ਰੰਗ ਤੇ ਸੱਚ-ਰੰਗ ਨੂੰ ਭਾਰਤੀ ਬੋਲੀ ਵਿਚ ਆਤਮਕ-ਰੰਗ ਹੀ ਆਖਿਆ ਜਾਂਦਾ ਹੈ। 'ਆਤਮਕ-ਰੰਗ' ਵਾਲਾ ਅੰਮ੍ਰਿਤ ਵੇਲੇ ਜਾਗਦਾ ਹੈ, ਨਾਮ-ਸਿਮਰਨ ਵਿਚ ਜੁੜਦਾ ਹੈ, ਸੰਗਤੀ ਵਾਤਾਵਰਣ ਵਿਚ ਸਹਿਜ ਤੇ ਵਿਗਾਸ ਮਾਣਦਾ ਹੈ, ਅੰਦਰੋਂ-ਬਾਹਰੋਂ ਰਸਿਕ ਤੇ ਬੈਰਾਗੀ ਹੋ ਜਾਂਦਾ ਹੈ, ਨਿਮ੍ਰਤਾ, ਮਿੱਠਤ ਤੇ ਸੇਵਾ ਉਸ ਦਾ ਗੁਣ-ਵਿਹਾਰ ਬਣ ਜਾਂਦਾ ਹੈ, ਹਉਮੈ-ਹੰਕਾਰ, ਲੋਭ-ਲਾਲਚ, ਭਰਮ, ਪਾਖੰਡ, ਪਾਪ ਤੇ ਦੁਖ ਤੋਂ ਉਹ ਪੂਰੀ ਤਰ੍ਹਾਂ ਮੁਕਤ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਲ-ਉਮਰ ਤੇ ਗੁਰੂ-ਕਾਲ ਵਿਚ ਵੀ ਅੰਮ੍ਰਿਤ ਵੇਲੇ ਜਾਗਦੇ, ਬਾਣੀ-ਅਭਿਆਸ ਵਿਚ ਜੁੜਦੇ, ਸੰਗਤੀ-ਵਾਤਾਵਰਣ ਵਿਚ ਬੈਠ ਪਹਿਲਾਂ ਗੁਰੂ-ਪਿਤਾ ਕੋਲੋਂ ਪੂਰਬਲੇ ਗੁਰੂ-ਪਾਤਿਸ਼ਾਹਾਂ ਦਾ

ਸਾਖੀ-ਇਤਿਹਾਸ ਤੇ ਗੁਰਬਾਣੀ ਉਪਦੇਸ਼ ਸੁਣਦੇ ਤੇ ਗੁਰੂ-ਸਿੰਘਾਸਣ ਉਤੇ ਬਿਰਾਜਮਾਨ ਹੋਣ ਪਿਛੋਂ ਆਪ ਵੀ ਇਸੇ ਨਿਯਮ ਅਨੁਸਾਰ ਗੁਰੂ-ਦਰਬਾਰ ਦਾ ਕ੍ਰਿਆ-ਕਰਮ ਨਿਬਾਹੁੰਦੇ ਰਹੇ। ਅਸਲ ਵਿਚ ਇਹੀ ਆਤਮਕ-ਰੰਗ ਸੀ, ਜਿਸ ਨੇ ਬਾਲ-ਉਮਰ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਗੁਰੂ-ਸਿੰਘਾਸਣ ਉਤੇ ਬੈਠਣ ਨਾਲ ਨਾ ਗੁਰੂ-ਪਾਤਿਸ਼ਾਹ ਦੇ ਮਾਣ ਤੇ ਪ੍ਰਭਾਵ ਨੂੰ ਘੱਟਣ ਦਿੱਤਾ, ਅਤੇ ਨਾ ਹੀ ਸਿੱਖ ਸੰਗਤਾਂ ਨੂੰ ਕਿਸੇ ਨਿਰਾਸ਼ਾ ਜਾਂ ਉਦਾਸੀ ਵੱਲ ਜਾਣ ਦਿੱਤਾ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ-ਦਰਬਾਰ ਦੀ ਸਾਰੀ ਕ੍ਰਿਆ ਨੂੰ ਕੇਵਲ ਗੁਰੂ-ਮਰਯਾਦਾ ਅਨੁਸਾਰ ਚਲਾਇਆ ਹੀ ਨਹੀਂ, ਸਗੋਂ ਬਿਬੇਕ ਬੁਧਿ ਦਾ ਐਸਾ ਪ੍ਰਕਾਸ਼ ਤੇ ਪ੍ਰਸਾਦ ਵਰਤਾਂਦੇ ਕਿ ਸਿੱਖ ਸੰਗਤਾਂ ਬੰਧਨਾਂ ਤੋਂ ਬੇਪਰਵਾਹ ਹੋਣ ਲਗ ਪਈਆਂ ਤੇ 'ਆਤਮਕ ਬੱਲ' ਗੁਰੂ ਤੇ ਗੁਰੂ-ਦਰਬਾਰ ਦਾ ਪਛਾਣ-ਚਿੰਨ੍ਹ ਬਣ ਗਿਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਗੁਰੂ-ਸਿੰਘਾਸਣ ਉਤੇ ਬਿਰਾਜਮਾਨ ਹੋਣ ਵੇਲੇ ਉਮਰ ਭਾਵੇਂ ਪੰਜ ਸਾਲ ਹੈ, ਪਰ ਉਨ੍ਹਾਂ ਦਾ ਹਿਰਦਾ, ਚਿੰਤਨ ਤੇ ਵਿਹਾਰ ਬਿਬੇਕ ਬੁਧਿ ਦੇ ਪ੍ਰਕਾਸ਼ ਨਾਲ ਸ਼ਿੰਗਾਰਿਆ ਹੋਇਆ ਸੀ। ਇਸ ਬਿਬੇਕ ਬੁਧਿ ਦੇ ਪ੍ਰਕਾਸ਼ ਕਾਰਨ ਹੀ ਗੁਰੂ ਹਰਿ ਰਾਇ ਸਾਹਿਬ ਨੇ ਵੱਡੇ ਸਪੁੱਤਰ ਰਾਮ ਰਾਇ ਨੂੰ ਤ੍ਰਿਸਕਾਰ ਕੇ ਛੋਟੇ ਸਪੁੱਤਰ 'ਹਰਿਕ੍ਰਿਸ਼ਨ' ਜੀ ਨੂੰ ਗੁਰੂ-ਸਿੰਘਾਸਣ ਲਈ ਯੋਗ ਤੇ ਲਾਇਕ ਸਵੀਕਾਰ ਕੀਤਾ ਸੀ। ਗੁਰੂ-ਪ੍ਰੰਪਰਾ ਵਿਚ ਪਰਵਾਨਗੀ ਦਾ ਨਿਸ਼ਾਨ ਹਮੇਸ਼ਾ ਉਸ ਨੂੰ ਪ੍ਰਾਪਤ ਹੋਇਆ ਹੈ, ਜਿਸ ਦਾ ਅੰਦਰ-ਬਾਹਰ ਬਿਬੇਕ ਬੁਧਿ ਨਾਲ ਸ਼ਿੰਗਾਰਿਆ ਹੋਇਆ ਹੈ। ਬਿਬੇਕ ਬੁਧਿ ਵਾਲਾ ਨਿਰਵੈਰ ਵੀ ਹੁੰਦਾ ਹੈ ਅਤੇ ਨਿਰਭਉ ਵੀ ਹੁੰਦਾ ਹੈ। 'ਸੱਚ' ਉਸ ਦਾ ਪ੍ਰਥਮ ਪਛਾਣ-ਗੁਣ ਹੁੰਦਾ ਹੈ। ਝੂਠੀ ਖ਼ੁਸ਼ਾਮਦ ਕਰਨਾ, ਲੋਭ-ਲਾਲਚ ਅਧੀਨ, ਗ਼ੁਲਾਮੀ ਸਵੀਕਾਰ ਕਰਨਾ, ਸਮਕਾਲੀ ਰਾਜ-ਸੱਤਾ ਤੇ ਹਾਕਮਾਂ ਨਾਲ ਸਮਝੌਤਾ ਕਰਨਾ, ਪੱਦ-ਪਦਵੀ ਦੀ ਪ੍ਰਾਪਤੀ ਲਈ ਸਾਜ਼ਸ਼ਾਂ ਰਚਣੀਆਂ ਅਤੇ ਕਰਾਮਾਤਾਂ ਦਾ ਵਿਖਾਵਾ ਕਰਨਾ, ਇਹ ਸਭ ਕੁਝ ਬਿਬੇਕ ਬੁਧਿ ਵਾਲੇ ਤੇ ਸੱਚ-ਰਾਜੇ ਨੂੰ ਨਾ ਪਸੰਦ ਹੁੰਦਾ ਹੈ ਅਤੇ ਨਾ ਹੀ ਪਰਵਾਨ ਹੁੰਦਾ ਹੈ। ਗੁਰੂ-ਸਿੰਘਾਸਣ ਉਤੇ ਬੈਠਣ ਲਈ ਪਿਤਾ-ਗੁਰੂ ਹਰਿ ਰਾਇ ਸਾਹਿਬ ਦੇ ਹੁੰਦਿਆਂ ਵੀ ਰਾਮ ਰਾਇ ਨੇ ਐਸੇ ਨੀਵੇਂ, ਹੋਛੇ ਤੇ ਕਪਟੀ ਕਿਰਦਾਰ ਦਾ ਪ੍ਰਗਟਾਵਾ ਕੀਤਾ। ਇਸ ਬਿਬੇਕ-ਹੀਣ ਕਿਰਦਾਰ ਕਾਰਨ ਹੀ ਗੁਰੂ ਹਰਿ ਰਾਇ ਸਾਹਿਬ ਨੇ ਰਾਮ ਰਾਇ ਨੂੰ ਇੰਨਾ ਤ੍ਰਿਸਕਾਰਿਆ, ਦੁਰਕਾਰਿਆ ਤੇ ਫਿਟਕਾਰਿਆ ਕਿ ਉਸ ਨੂੰ ਆਪੇ ਸੰਦੇਸ਼ਾ ਭੇਜਿਆ ਕਿ 'ਰਾਮ ਰਾਇ' ਜਿਧਰ ਤੇਰਾ ਮੂੰਹ ਹੈ, ਉਧਰ ਚਲਾ ਜਾ, ਮੇਰੇ ਮੱਥੇ ਨਾ ਲਗੀਂ। ਗੁਰੂ ਹਰਿ ਰਾਇ ਸਾਹਿਬ ਦੇ ਇਹ ਬੋਲ ਉਨ੍ਹਾਂ ਦੀ ਬਿਬੇਕ-ਬੁਧਿ ਸ਼ਖਸੀਅਤ ਦੇ ਪ੍ਰਤੀਕ ਹਨ ਅਤੇ ਸਪੁੱਤਰ ਗੁਰੂ ਹਰਿਕ੍ਰਿਸ਼ਨ ਸਾਹਿਬ ਲਈ ਗੁਰੂ-ਪ੍ਰੰਪਰਾ ਵਿਚ ਰਹਿਣ ਲਈ ਆਦੇਸ਼ ਵੀ ਹਨ। ਇਹੀ ਕਾਰਨ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ-ਸਿੰਘਾਸਣ ਉਤੇ ਬੈਠ ਕੇ ਜਿਥੇ ਬਿਲਕੁਲ ਸਚਿਆਰ, ਨਿਰਭਉ ਤੇ ਨਿਰਵੈਰ ਚਰਿੱਤਰ ਦਾ ਪ੍ਰਗਟਾਵਾ ਕੀਤਾ, ਉਥੇ ਗੁਰੂ-ਕਾਲ ਵਿਚ ਨਾ ਸਮਕਾਲੀ ਰਾਜ-ਸੱਤਾ ਨਾਲ ਕੋਈ ਸਮਝੌਤਾ ਕੀਤਾ, ਨਾ ਪ੍ਰਾਧੀਨਤਾ ਸਵੀਕਾਰੀ, ਨਾ ਖ਼ੁਸ਼ਾਮਦ ਕੀਤੀ ਅਤੇ ਨਾ ਹੀ ਖ਼ੁਸ਼ਾਮਦੀ ਨੂੰ ਨੇੜੇ ਲਗਣ ਦਿੱਤਾ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ-ਸਿੰਘਾਸਣ ਦਾ ਆਤਮਕ, ਸਮਾਜਕ, ਸਭਿਆਚਾਰਕ ਤੇ ਰਾਜਨੀਤਕ, ਸਾਰਾ ਕਾਰਜ ਗੁਰੂ-ਪ੍ਰੰਪਰਾ ਤੇ ਗੁਰੂ-ਮਰਯਾਦਾ ਅਨੁਸਾਰ ਹੀ ਕੀਤਾ।

ਗੁਰੂ-ਸਿੰਘਾਸਣ ਉਤੇ ਬਿਰਾਜਮਾਨ ਹੋਣ ਵੇਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਜਿਥੇ ਪਿਤਾ-ਗੁਰੂ ਹਰਿ ਰਾਇ ਜੀ ਨੇ ਆਪਣਾ ਪਿਆਰ ਦਿੱਤਾ, ਅਸੀਸਾਂ ਪ੍ਰਦਾਨ ਕੀਤੀਆਂ, ਪ੍ਰੰਪਰਾਗਤ ਰੂਪ ਵਿਚ ਕੁਝ ਆਦੇਸ਼ ਵੀ ਕੀਤੇ, ਉਥੇ ਇਕ ਵਰਦਾਨ ਵੀ ਦਿੱਤਾ, ਅਰਥਾਤ, ਜਿਹੜਾ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ-ਦੀਦਾਰ ਕਰੇਗਾ, ਉਸ ਦੇ 'ਸਭਿ ਦੁਖ' ਜਾਣਗੇ ਹੀ ਨਹੀਂ, ਸਗੋਂ ਉਸ ਦੇ ਕਲੇਸ਼ ਤੇ ਸੰਕਟ ਵੀ ਮੁਕ ਜਾਣਗੇ। ਇਤਿਹਾਸਕ ਗ੍ਰੰਥਾਂ ਨੇ ਇਸ 'ਵਰਦਾਨ' ਨੂੰ ਇਸ ਵਾਕ-ਅੰਸ਼ 'ਨਹਿ ਦਰਸਹਿ ਦਰਸਾਵਹਿ' ਰਾਹੀਂ ਉਜਾਗਰ ਕੀਤਾ ਹੈ। 'ਨਹਿ ਦਰਸਹਿ' ਸੰਕੇਤ ਹੈ—ਰਾਮ ਰਾਇ ਪ੍ਰਤੀ। ਗੁਰੂ ਹਰਿ ਰਾਇ ਸਾਹਿਬ ਦਾ ਆਦੇਸ਼ ਹੀ ਨਹੀਂ, ਸਾਰੇ ਸਿੱਖਾਂ ਪ੍ਰਤੀ ਹੁਕਮ ਵੀ ਸੀ ਕਿ ਰਾਮ ਰਾਇ ਦੇ ਦਰਸ਼ਨ ਨਹੀਂ ਕਰਨੇ, ਉਸ ਦੀਆਂ ਭੇਜੀਆਂ ਭੇਟਾਵਾਂ ਤੇ ਸਿਰੋਪਾਉ ਸਵੀਕਾਰ ਨਹੀਂ ਕਰਨੇ। 'ਦਰਸਾਵਹਿ' ਪਦ ਗੁਰੂ ਹਰਿਕ੍ਰਿਸ਼ਨ ਸਾਹਿਬ ਪ੍ਰਤੀ ਵਰਦਾਨ ਦਾ ਪ੍ਰਤੀਕ ਹੈ ਕਿ ਉਹਨਾਂ ਦੇ ਦਰਸ਼ਨ-ਦੀਦਾਰ ਨਾਲ 'ਸਭਿ ਦੁਖ, ਕਲੇਸ਼ ਤੇ ਸੰਕਟ' ਮੁੱਕ ਜਾਣਗੇ। ਗੁਰੂ-ਪਾਤਿਸ਼ਾਹ ਨੂੰ ਵੇਖ ਕੇ, ਸਮੁੱਚੇ ਜੀਵਨ-ਵਿਹਾਰ ਵਿਚ ਗੁਰੂ-ਪਾਤਿਸ਼ਾਹ ਵਰਗਾ ਹੋ

ਜਾਣ ਨਾਲ ਨਿਸਚੇ ਹੀ ਦੁੱਖ, ਕਲੇਸ਼ ਤੇ ਸੰਕਟ ਮਿਟ ਜਾਂਦੇ ਹਨ। ਗੁਰਬਾਣੀ ਦੀ ਸਪਸ਼ਟ ਗਵਾਹੀ ਹੈ :

(੧) ਸਤਿਗੁਰ ਕਾ ਦਰਸਨੁ ਸਫਲੁ ਹੈ ਜੇਹਾ ਕੋ ਇਛੇ ਤੇਹਾ ਫਲੁ ਪਾਏ ॥
ਗੁਰ ਕਾ ਸਬਦੁ ਅੰਮ੍ਰਿਤੁ ਹੈ ਸਭ ਤ੍ਰਿਸਨਾ ਭੁਖ ਗਵਾਏ ॥ (ਸਲੋਕ ਮ: ੩, ਪੰਨਾ ੮੫੦)

(੨) ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥
ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ ॥
ਹਰਿਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ ॥੨੩॥ (ਪੰਨਾ ੧੩੬੩)

ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਗੁਰੂ-ਕਾਲ ਵਿਚ ਐਸੀ 'ਘਾਲਿ-ਕਮਾਈ' ਪ੍ਰਾਪਤ ਕਰ ਲਈ ਸੀ ਕਿ ਜਿਹੜਾ ਵੀ ਉਨ੍ਹਾਂ ਦੇ ਦਰਸ਼ਨ-ਦੀਦਾਰ ਕਰਦਾ, ਉਪਦੇਸ਼-ਆਦੇਸ਼ ਉਤੇ ਅਮਲ ਕਰਦਾ, ਉਹ 'ਸਭਿ ਦੁਖ' ਦੀ ਪੀੜਾ ਤੋਂ ਸਹਿਜੇ ਹੀ ਸੁਤੰਤਰ ਹੋ ਜਾਂਦਾ। ਗੁਰੂ ਹਰਿਕ੍ਰਿਸ਼ਨ ਸਾਹਿਬ ਦਾ 'ਗੁਰੂ-ਕਾਲ-ਜੀਵਨ' ਸਾਖੀ ਹੈ ਕਿ ਉਨ੍ਹਾਂ ਨੇ ਅਨੇਕਾਂ ਹੀ ਦੁਖਿਤ ਤੇ ਪੀੜਤ ਜੀਵਾਂ ਨੂੰ ਆਤਮਕ, ਮਾਨਸਿਕ ਤੇ ਸਰੀਰਕ ਸੁੱਖ-ਸ਼ਾਂਤੀ ਪ੍ਰਦਾਨ ਕੀਤੀ। ਇਥੋਂ ਤਕ ਕਿ ਦਿੱਲੀ ਵਿਚ ਫੈਲੇ ਚੇਚਕ ਦੇ ਰੋਗ ਤੋਂ ਲੋਕਾਂ ਨੂੰ ਬਚਾਉਣ ਵਾਸਤੇ ਆਪਣਾ ਸਰੀਰ ਵੀ 'ਮਾਨਵ-ਸੇਵਾ' ਨਮਿਤ ਭੇਟ ਚੜ੍ਹਾ ਦਿੱਤਾ। ਇਸ ਕੁਰਬਾਨੀ, ਇਸ ਯੋਗਦਾਨ ਕਾਰਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਲੋਕ-ਸੁਰ ਵਿਚ ਇਕਸੁਰ ਹੋ, ਇਹ ਗਾਇਆ ਹੋਵੇਗਾ : ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ ॥

ਦਸ ਗੁਰੂ-ਪਾਤਿਸ਼ਾਹਾਂ ਦੇ ਮਨ, ਬਚਨ ਤੇ ਕਰਮ ਤੋਂ, ਖਾਸ ਕਰ ਕੇ ਗੁਰੂ-ਬਾਣੀ ਤੇ ਗੁਰੂ-ਇਤਿਹਾਸ ਤੋਂ ਸਹਿਜੇ ਹੀ ਸਪਸ਼ਟ ਹੁੰਦਾ ਹੈ, ਕਿ ਗੁਰੂ-ਪ੍ਰੰਪਰਾ ਸ਼ੁੱਧ ਰੂਪ ਵਿਚ 'ਧਰਮ' ਨੂੰ ਸਥਾਪਿਤ ਤੇ ਉਜਾਗਰ ਕਰਨ ਲਈ ਹੀ, ਪ੍ਰਕਾਸ਼ ਰੂਪ ਵਿਚ, ਇਸ ਲੋਕ ਵਿਚ ਪ੍ਰਗਟ ਹੋਈ ਸੀ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿਚ ਪਠਾਈ ਸੀ, ਤਾਂ ਜੁ ਧਰਮ-ਦੋਖੀਆਂ ਤੇ ਧਰਮ-ਸੱਚ ਆਚਾਰ ਵਿਚ ਜੋ ਗਿਰਾਵਟ ਤੇ ਭ੍ਰਿਸ਼ਟਾਚਾਰ ਆ ਚੁਕਾ ਸੀ, ਉਸ ਨੂੰ ਪਛਾੜ ਕੇ, ਮਾਨਵਤਾ ਨੂੰ ਸਰਬ ਵੰਡਾਂ, ਰੋਗਾਂ ਤੇ ਭ੍ਰਿਸ਼ਟ ਆਦਤਾਂ ਤੋਂ ਹਟਾ ਕੇ, ਉਸ ਨੂੰ ਮਹਾਂ ਪੁਰਖ, ਸੁਜਾਣ ਪੁਰਖ, ਪ੍ਰਮਾਣ ਪੁਰਖ ਤੇ ਦੇਵਤਾ ਸਿਰਜਿਆ ਜਾ ਸਕੇ। ਗੁਰੂ-ਪ੍ਰੰਪਰਾ ਦਾ ਸਾਰਾ ਜੀਵਨ ਹੀ ਨਹੀਂ, ਸਾਰਾ ਬੱਲ ਵੀ ਇਸ ਧਰਮ-ਆਦਰਸ਼ ਦੀ ਪੂਰਤੀ ਵਾਸਤੇ ਹੀ ਸਮਰਪਿਤ ਸੀ। ਇਸ ਧਰਮ-ਆਦਰਸ਼ ਦੀ ਪੂਰਤੀ ਵਾਸਤੇ ਹੀ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਈ ਸੀ। ਗੁਰੂ-ਪ੍ਰੰਪਰਾ ਵਲੋਂ ਧਰਮ ਦੇ ਪ੍ਰਸੰਗ ਵਿਚ ਜੋ ਕੁਝ ਵੀ ਸਿਰਜਿਆ-ਸੰਵਾਰਿਆ ਤੇ ਸਥਾਪਿਤ ਕੀਤਾ ਜਾ ਰਿਹਾ ਸੀ, ਉਹ ਸਾਰੇ ਦਾ ਸਾਰਾ ਮਾਨਵ-ਜੀਵਨ ਨੂੰ ਧਰਮੀ ਤੇ ਆਦਰਸ਼ਕ ਸਿਰਜਨ ਵਾਸਤੇ ਹੀ ਸੀ ਅਤੇ ਧਰਮ ਤੇ ਮਾਨਵ-ਕੀਮਤਾਂ ਹੀ ਉਸ ਗੁਰੂ-ਪ੍ਰੰਪਰਾ ਦਾ ਕੇਂਦਰ-ਬਿੰਦੂ ਸਨ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਵੀ ਧਰਮ ਦੀ ਸ਼ੁੱਧ ਭਾਵਨਾ ਨਾਲ ਜੁੜੇ ਰਹਿਣ ਲਈ ਜਿਥੇ ਆਪਣੇ ਸਿੱਖਾਂ ਨੂੰ 'ਹੁਕਮਨਾਮੇ' ਭੇਜੇ, ਉਥੇ ਉਨ੍ਹਾਂ ਨੇ ਧਰਮ-ਦੋਖੀਆਂ ਤੇ ਧਰਮ-ਵਿਰੋਧੀ ਕੂੜ-ਕ੍ਰਿਆ ਨੂੰ ਪੂਰੇ ਜ਼ੋਰ ਨਾਲ ਨਿਖੇਧਿਆ। ਜਿਵੇਂ ਸਾਰੀ ਗੁਰੂ-ਪ੍ਰੰਪਰਾ ਜਾਤਿ-ਪਾਤਿ, ਉਚੇ ਨੀਵੇਂ ਤੇ ਅਮੀਰ-ਗਰੀਬ ਦੀ ਵੰਡ ਨੂੰ ਪਸੰਦ ਨਹੀਂ ਸੀ ਕਰਦੀ, ਇਸੇ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਵੀ ਵਰਨ-ਆਸ਼ਰਮ ਤੇ ਜ਼ਾਤਿ-ਪਾਤਿ ਦੀਆਂ ਵੰਡਾਂ ਨੂੰ 'ਕੋਹੜ' ਦਸ ਕੇ ਜੜ੍ਹੋਂ ਪੁੱਟਣ ਦਾ ਨਿਰੰਤਰ ਯਤਨ ਕਰਦੇ ਰਹੇ। ਇਤਿਹਾਸ ਸਾਖੀ ਹੈ ਕਿ ਬਿਬੇਕ ਬੁਧਿ-ਪ੍ਰਕਾਸ਼ ਪ੍ਰਦਾਨ ਕਰਨ ਵੇਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਪੰਡਿਤ ਅਤੇ ਘਾਹੀ ਵਿਚ ਅੰਤਰ (ਫ਼ਰਕ) ਨਹੀਂ ਜਾਤਾ। ਮਾਨਵ ਰੂਪ ਵਿਚ ਹਰ ਕੋਈ ਗਿਆਨ ਪ੍ਰਾਪਤ ਕਰ ਸਕਦਾ ਹੈ—ਗਿਆਨ ਵੇਦਾਂ ਦਾ ਹੋਵੇ ਜਾਂ ਗੀਤਾ ਦਾ। ਸਮਕਾਲੀ ਜੀਵਨ ਵਿਚ ਕੁੜੀ ਮਾਰਨੀ, ਤੰਬਾਕੂ-ਨੋਸ਼ੀ, ਜੂਆ ਖੇਡਣਾ ਤੇ ਸ਼ਰਾਬ ਪੀਣੀ, ਇਹ ਮੰਦ ਆਦਤਾਂ ਬੜੀਆਂ ਵਿਆਪਕ ਸਨ, ਗੁਰੂ ਹਰਿਕ੍ਰਿਸ਼ਨ ਸਾਹਿਬ ਆਪਣੀ ਪ੍ਰਚਾਰ-ਯਾਤਰਾ ਵਿਚ ਖੁਲ੍ਹੇ ਤੌਰ ਤੇ ਆਖਦੇ ਹਨ, ਕਿ ਇਹ ਮੰਦ ਆਦਤਾਂ ਧਰਮ-ਵਿਰੋਧੀ ਹਨ, ਤੁਹਾਡੇ ਧਰਮੀ ਬਣਨ ਵਿਚ ਰੁਕਾਵਟ ਹਨ, ਇਨ੍ਹਾਂ ਨੂੰ ਤਿਆਗੋ। ਗੁਰੂ ਸਾਹਿਬ ਦੇ ਇਥੋਂ ਤਕ ਆਦੇਸ਼ ਸਨ ਕਿ ਮੰਦ ਆਦਤਾਂ ਵਾਲਾ, ਖ਼ਾਸ ਕਰਕੇ, 'ਕੁੜੀ ਮਾਰ' ਸੰਗਤ ਵਿਚ ਨਹੀਂ ਬੈਠ ਸਕਦਾ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਗੁਰੂ-ਪਿਤਾ ਦੇ ਆਦੇਸ਼ ਅਨੁਸਾਰ ਧਰਮ-ਦੋਖੀ ਧੀਰਮੱਲ ਤੇ ਰਾਮ ਰਾਈਆਂ ਨੂੰ ਵੀ ਨਾ ਗੁਰੂ-

ਦਰਬਾਰ ਦੇ ਨੇੜੇ ਲੱਗਣ ਦਿੱਤਾ ਅਤੇ ਨਾ ਹੀ ਰੋਟੀ-ਬੇਟੀ ਦੀ ਕੋਈ ਸਾਂਝ ਰਖੀ । ਗੁਰੂ ਅਮਰਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਵੇਲੇ ਤੋਂ ਜਿਹੜੇ ਪੀੜ੍ਹੀ ਦਰ ਪੀੜ੍ਹੀ ਧਰਮ ਪ੍ਰਚਾਰ ਅਤੇ ਗੋਲਕ ਭੇਜਣ ਲਈ ਮਸੰਦ ਸਥਾਪਿਤ ਸਨ, ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਉਨ੍ਹਾਂ ਨਾਲ ਵੀ ਪੂਰਾ ਮੇਲ-ਮਿਲਾਪ ਰਖਿਆ । ਜਿਨ੍ਹਾਂ ਮਸੰਦਾਂ ਬਾਰੇ ਗੁਰੂ-ਦਰਬਾਰ ਵਿਚ ਸ਼ਿਕਾਇਤਾਂ ਸਨ, ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਉਨ੍ਹਾਂ ਨੂੰ ਠੀਕ ਹੋਣ ਵਾਸਤੇ ਕੇਵਲ ਚੇਤਾਵਨੀਆਂ ਹੀ ਨਾ ਭੇਜੀਆਂ, ਸਗੋਂ ਸੋਧਣ ਵਾਸਤੇ ਵੀ ਪ੍ਰਬੰਧ ਕੀਤੇ । ਗੁਰੂ-ਪ੍ਰੰਪਰਾ ਤੇ ਸਿੱਖ ਲਹਿਰ ਨੂੰ ਸਥਾਪਿਤ ਕਰਨ ਅਤੇ ਵਿਕਸਿਤ ਕਰਨ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਯੋਗਦਾਨ ਕਿਸੇ ਵੀ ਤਰ੍ਹਾਂ ਘੱਟ ਨਹੀਂ ।

'ਗੁਰੂ-ਸਿੰਘਾਸਣ' ਕਰਤਾਰਪੁਰ ਵਿਚ ਸੀ, ਖਡੂਰ ਸਾਹਿਬ, ਗੋਇੰਦਵਾਲ, ਅੰਮ੍ਰਿਤਸਰ, ਕੀਰਤਪੁਰ ਜਾਂ ਦਿੱਲੀ ਵਿਚ ਸੀ, ਗੁਰੂ-ਪਾਤਿਸ਼ਾਹ ਜਿਥੇ ਵੀ ਬਿਰਾਜਦੇ, ਉਹ ਸਥਾਨ ਸਹਿਜੇ ਹੀ ਪਾਵਨ ਤੇ ਪਵਿੱਤਰ ਹੋ ਜਾਂਦੇ । ਦਿੱਲੀ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਜੀ, ਗੁਰੂ ਤੇਗ਼ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਇਤਿਹਾਸਕ ਯਾਦਾਂ ਵੀ ਹਨ, ਪਰ ਜੋ ਜਸ, ਮਹਿਮਾ ਤੇ ਪ੍ਰਭਾਵ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਯਾਦ ਵਿਚ ਸਥਿਤ 'ਗੁਰਦੁਆਰਾ ਬੰਗਲਾ ਸਾਹਿਬ' ਦਾ ਹੈ, ਉਸ ਦਾ ਆਪਣਾ ਹੀ ਇਤਿਹਾਸਕ ਮਹੱਤਵ ਹੈ । ਇਹ ਗੁਰਦੁਆਰਾ ਬੰਗਲਾ ਸਾਹਿਬ ਦਾ ਸਥਾਨ ਹੀ ਹੈ, ਜਿਥੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਦਰਸ਼ਨ-ਦੀਦਾਰ ਵੀ ਦਿੱਤੇ, ਗੁਰੂ-ਬਾਣੀ ਉਪਦੇਸ਼ ਸੁਣਾ-ਸੁਣਾ ਲੋਕਾਂ ਨੂੰ ਸੁੱਖ, ਸ਼ਾਂਤੀ ਤੇ ਸਹਿਜ ਵੀ ਪ੍ਰਦਾਨ ਕੀਤਾ, ਅੰਮ੍ਰਿਤ ਜਲ ਪਿਲਾ-ਪਿਲਾ 'ਸਭਿ ਦੁਖ' ਤੋਂ ਮੁਕਤ ਵੀ ਕੀਤਾ । ਇਤਿਹਾਸਕਾਰ ਸਾਖੀ ਹਨ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਇੰਨਾ ਪ੍ਰਭਾਵ ਵਧਿਆ ਕਿ ਰਾਜ-ਸੱਤਾ ਦਾ ਮੁੱਖ ਅਧਿਕਾਰੀ 'ਔਰੰਗਾ' ਵੀ ਇਕ ਦਿਨ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ ਕਰਨ ਤੇ ਮੇਲ-ਮੁਲਾਕਾਤ ਲਈ ਗੁਰਦੁਆਰਾ ਬੰਗਲਾ ਸਾਹਿਬ ਦੀ ਦਹਿਲੀਜ਼ ਉੱਤੇ ਅੱਧੀ ਘੜੀ ਖੜਾ ਰਿਹਾ, ਪਰ ਗੁਰੂ-ਪਾਤਿਸ਼ਾਹ ਨੇ ਧਰਮ-ਦੋਖੀ ਹੋਣ ਕਰਕੇ ਦਰਸ਼ਨ ਦੇਣ ਤੇ ਮੁਲਾਕਾਤ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ । ਰਾਜਾ ਜੈ ਸਿੰਘ ਨੇ ਭਾਵੇਂ ਕਈ ਯਤਨ ਕੀਤੇ, ਪਰ ਇਹ ਸਪਸ਼ਟ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ-ਪ੍ਰੰਪਰਾ ਅਨੁਸਾਰ ਰਾਜ-ਸੱਤਾ ਦੇ ਅਧਿਕਾਰੀਆਂ ਨਾਲ ਕੋਈ ਸਾਂਝ-ਸਮਝੌਤਾ ਨਾ ਕੀਤਾ ।

੩੦ ਮਾਰਚ, ੧੬੬੪ ਈ: ਵਿਚ ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣਾ ਸਰੀਰਕ-ਕਾਲ ਨੇੜੇ ਜਾਤਾ, ਤਾਂ ਦਿੱਲੀ ਤੋਂ ਹੀ ਉਨ੍ਹਾਂ ਨੇ 'ਬਾਬਾ ਬਕਾਲਾ' ਦਾ ਸੰਕੇਤ ਦੇ ਕੇ, ਗੁਰੂ-ਸਿੰਘਾਸਣ ਦੇ ਨੌਵੇਂ ਪਾਤਿਸ਼ਾਹ ਗੁਰੂ ਤੇਗ਼ ਬਹਾਦਰ ਜੀ ਦੀ ਚੋਣ ਕੀਤੀ ਸੀ । ਗੁਰੂ-ਸਿੰਘਾਸਣ ਲਈ ਗੁਰੂ ਤੇਗ਼ ਬਹਾਦਰ ਜੀ ਦੀ ਚੋਣ ਨਿਸਚੇ ਹੀ ਸਰਬ ਪਖੋਂ ਯੋਗ ਵੀ ਸੀ । ਗੁਰੂ-ਪ੍ਰੰਪਰਾ ਤੇ ਸਿੱਖ ਲਹਿਰ ਨੂੰ ਯੋਗ, ਲਾਇਕ ਤੇ ਸਮਰੱਥ 'ਗੁਰੂ-ਆਗੂ' ਗੁਰੂ ਤੇਗ਼ ਬਹਾਦਰ ਜੀ ਦੇ ਰੂਪ ਵਿਚ ਪ੍ਰਦਾਨ ਕਰਨਾ, ਇਹ ਅਸ਼ਟਮ ਬਲਬੀਰਾ—ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰੰਪਰਾਗਤ ਰੂਪ ਵਿਚ ਬਿਬੇਕ ਬੁਧਿ ਵਾਲਾ ਫ਼ੈਸਲਾ ਵੀ ਹੈ ਅਤੇ ਅਦੁੱਤੀ ਯੋਗਦਾਨ ਵੀ ਹੈ । ਗੁਰੂ ਹਰਿਕ੍ਰਿਸ਼ਨ ਸਾਹਿਬ ਦਾ 'ਗੁਰੂ-ਸਿੰਘਾਸਣ ਕਾਲ' ਭਾਵੇਂ ਬਹੁਤ ਘੱਟ ਹੈ, ਪਰ ਉਨ੍ਹਾਂ ਦੀ ਪੱਦ-ਪਦਵੀ ਤੇ ਯੋਗਦਾਨ ਪੂਰਬਲੇ ਗੁਰੂ-ਪਾਤਿਸ਼ਾਹਾਂ ਵਾਂਗ ਹੀ ਵੱਡਾ ਤੇ ਪ੍ਰਭਾਵਸ਼ਾਲੀ ਹੈ ।

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ੧੦ ਚਿਤਰ,੨੭੨ ਪੰਨੇ, ਸੁੰਦਰ ਰੱਖ) ੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧-੫੦ |
| ਖ਼ਾਲਸਾ ਰਹਿਤ ਮਰਯਾਦਾ (ਟਰੈਕਟ) | ੨-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੫੦ |
| ਤਉ ਕਿਉ ਮੁਰਗੀ ਮਾਰੈ (ਰਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ | ,, | ੦-੫੦ |
| HAIR—A Divine Gift. | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦-੭੫ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | | ੧-੫੦ |


www.AKJ.Org

# ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ

ਸਵੱਈਆਂ ਦੀ ਬਾਣੀ ਵਿਚ ਬਲ੍ਹ ਭੱਟ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਕਰਦਿਆਂ ਕਹਿ ਰਿਹਾ ਹੈ ਕਿ ਹੇ ਗੁਰੂ ਰਾਮਦਾਸ ! ਤੇਰੀ ਜੈ ਜੈ ਕਾਰ ਸਾਰੇ ਸੰਸਾਰ ਵਿਚ ਹੋ ਰਹੀ ਹੈ। ਹੇ ਸਤਿਗੁਰੂ ! ਤੂੰ ਆਪ ਪਰਮ ਪਦ ਪ੍ਰਾਪਤ ਕਰ ਲਿਆ ਹੈ ਅਤੇ ਵਾਹਿਗੁਰੂ ਦੀ ਬਖ਼ਸ਼ਸ਼ ਸਦਕਾ ਜੋ ਵੀ ਤੇਰਾ ਦਰਸ਼ਨ ਪਰਸਦਾ ਹੈ ਉਹ ਵੀ ਪਾਰਸ ਸਮਾਨ ਹੋ ਜਾਂਦਾ ਹੈ, ਜੋ ਗਲੇ ਸੜੇ ਲੋਹੇ ਨੂੰ ਵੀ ਕੰਚਨ ਕਰ ਦੇਂਦਾ ਹੈ। ਤੁਕਾਂ ਹਨ–

ਕਰਮ ਕਹਿ ਤੁਅ ਦਰਸ ਪਰਸ ਪਾਰਸ ਸਰ ਬਲ੍ਹ ਭਟ ਜਸੁ ਗਾਇਯਉ ॥
ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੪॥ (ਪੰਨਾ ੧੪੦੫)

ਇਸੇ ਤਰ੍ਹਾਂ ਸਤਾ ਤੇ ਬਲਵੰਡ ਸਤਿਗੁਰਾਂ ਦੀ ਨਿੰਦਾ ਕਾਰਨ ਸਰਾਪੇ ਜਾਣ ਪਿਛੋਂ ਜਦੋਂ ਮੁੜ ਗੁਰੂ-ਸ਼ਰਨ ਆਏ ਤਾਂ ਗੁਰੂ-ਉਸਤਤਿ ਕਰਦਿਆਂ ਸ੍ਰੀ ਗੁਰੂ ਰਾਮਦਾਸ ਜੀ ਦੀ ਵਡਿਆਈ ਵਿਚ ਕਹਿੰਦੇ ਹਨ–

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥
ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥
ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥
ਨਾਨਕੁ ਤੂ ਲਹਣਾ ਤੂ ਹੈ ਗੁਰੁ ਅਮਰੁ ਤੂ ਵੀਚਾਰਿਆ ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥੭॥ (ਪੰਨਾ ੯੬੮)

ਸਿਖ-ਸੰਗਤਾਂ ਗੁਰੂ ਰਾਮਦਾਸ ਜੀ ਨੂੰ ਪਾਰਬ੍ਰਹਮ ਦਾ ਰੂਪ ਜਾਣ ਕੇ ਨਮਸਕਾਰ ਕਰਦੀਆਂ ਹਨ, ਪਰ ਹੇ ਸਤਿਗੁਰੂ ! ਜਿਹੜੇ ਪੂਰਨ ਸ਼ਰਧਾ-ਭਾਵਨੀ ਨਾਲ ਤੈਨੂੰ ਸੇਂਵਦੇ ਹਨ ਉਨ੍ਹਾਂ ਦਾ ਤੂੰ ਪਾਰ-ਉਤਾਰਾ ਕਰਦਾ ਹੈਂ ਅਤੇ ਉਨ੍ਹਾਂ ਦਾ ਮਨ ਗੁਰੂ ਦੇ ਦਰਸ਼ਨ ਕਰ ਕੇ ਹਰਾ ਭਰਾ ਹੋ ਜਾਂਦਾ ਹੈ।

ਐਸੇ ਸਤਿਗੁਰੂ ਦੀ ਜੈ ਜੈਕਾਰ ਦੀ ਧੁੰਨ ਤੇ ਧੰਨ ਧੰਨ ਦੀ ਗੁੰਜਾਰ ਵਿਚ, ਅਜ ਦੇ ਭਿਆਨਕ ਤੇ ਬਿਖੜੇ ਮਾਹੌਲ ਵਿਚ ਵੀ, ਉਨ੍ਹਾਂ ਦੇ ਪ੍ਰਕਾਸ਼ ਦਿਵਸ ਤੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤ-ਸਰੋਵਰ, ਸਾਰਾ ਆਲਾ ਦੁਆਲਾ ਅਤੇ ਸਾਰੀ ਨਗਰੀ ਜਗਮਗਾ ਉਠਦੀ ਹੈ, ਹਰ ਪਾਸੇ ਚਾਅ ਤੇ ਖੇੜੇ ਦਾ ਪਸਾਰਾ ਪਸਰ ਰਿਹਾ ਹੁੰਦਾ ਹੈ। ਭਾਵੇਂ ਚਹੁੰਆਂ ਪਾਸੇ ਕਰੜੇ ਪਹਿਰੇ ਤੇ ਸਖ਼ਤ ਪਾਬੰਦੀਆਂ ਲਗ ਰਹੀਆਂ ਹਨ, ਫਿਰ ਵੀ ਸਿਖ ਸੰਗਤਾਂ ਦਿਲ ਦੀ ਪੀੜਾ ਦਿਲ ਵਿਚ ਨੱਪ ਕੇ, ਖ਼ੁਸ਼ੀਆਂ ਦੇ ਉਮਾਉ ਵਿਚ ਧਾਈ ਕਰ ਕੇ ਗੁਰੂ-ਦਰਬਾਰ ਵਿਚ ਪੁਜਦੀਆਂ ਅਤੇ ਨਾਮ-ਬਾਣੀ ਦੇ ਲਾਹੇ ਲੈ ਕੇ ਆਪਣੇ ਹਿਰਦੇ ਠਾਰਦੀਆਂ ਹਨ।

ਗੁਰੂ ਰਾਮਦਾਸ ਜੀ ਦਾ ਜਨਮ ਲਾਹੌਰ ਚੂਨੇ ਮੰਡੀ ਵਿਖੇ, ਪਿਤਾ ਹਰਦਾਸ ਸੋਢੀ ਦੇ ਗ੍ਰਿਹ ਵਿਖੇ ੨੪ ਸਤੰਬਰ ੧੫੩੪ ਨੂੰ ਜਦੋਂ ਹੋਇਆ ਤਾਂ ਉਦੋਂ ਪਹਿਲੇ ਤਿੰਨੇ ਗੁਰੂ ਸਾਹਿਬਾਨ ਸਰੀਰਕ ਜਾਮੇ ਵਿਚ ਮੌਜੂਦ ਸਨ। ਗੁਰੂ ਅੰਗਦ ਸਾਹਿਬ ਤਾਂ ਉਦੋਂ ਭਾਈ ਲਹਿਣਾ ਰੂਪ ਵਿਚ ਦੋ ਸਾਲ ਤੋਂ ਗੁਰੂ ਨਾਨਕ ਪਾਤਸ਼ਾਹ ਦੀ ਸੇਵ ਕਮਾ ਰਹੇ ਸਨ ਅਤੇ ਸ੍ਰੀ ਅਮਰਦਾਸ ਜੀ ਓਦੋਂ ਤੀਰਥ-ਯਾਤਰਾ ਆਦਿ ਬਿਖੜੇ ਪੈਂਡਿਆਂ ਵਿਚ ਹੀ ਵਿਚਰ ਰਹੇ ਸਨ।

ਜੇਠਾ ਪੁਤਰ ਹੋਣ ਕਰ ਕੇ ਆਪ ਜੀ ਨੂੰ ਬਚਪਨ ਤੋਂ 'ਜੇਠਾ' ਨਾਂ ਨਾਲ ਪੁਕਾਰਿਆ ਜਾਂਦਾ ਸੀ। ਆਪ ਜੀ ਦੇ ਮਾਤਾ ਜੀ ਤਾਂ ਛੋਟੀ ਉਮਰੇ ਹੀ ਚਲਾਣਾ ਕਰ ਗਏ ਸਨ, ਸਤ ਸਾਲ ਦੀ ਉਮਰ ਵਿਚ ਪਿਤਾ ਜੀ ਵੀ ਵਿਛੋੜਾ ਦੇ ਗਏ। ਇਸ ਯਤੀਮ ਹਾਲਤ ਵਿਚ ਇਨ੍ਹਾਂ ਨੂੰ ਨਾਨੀ ਆਪਣੇ ਪਿੰਡ ਬਾਸਰਕੇ ਲੈ ਆਈ, ਜਿਥੇ ਸ੍ਰੀ ਅਮਰਦਾਸ ਜੀ



www.AKJ.Org

ਰਹਿੰਦੇ ਸਨ ਅਤੇ ਓਦੋਂ ਤੋਂ ਹੀ ਆਪ, ਸ੍ਰੀ ਅਮਰਦਾਸ ਜੀ ਦੀ ਦੇਖ-ਰੇਖ ਵਿਚ ਵਿਚਰਦੇ ਰਹੇ। ਅਤਿ ਦੀ ਗ਼ਰੀਬੀ ਹੋਣ ਕਰਕੇ ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਦੇ ਰਹੇ। ਓਦੋਂ ਕੌਣ ਜਾਣਦਾ ਸੀ ਕਿ ਇਹ ਘੁੰਗਣੀਆਂ ਵੇਚਣ ਵਾਲਾ ਯਤੀਮ ਕਿਸੇ ਸਮੇਂ ਦੀਨ ਦੁਨੀਆ ਦਾ ਪਾਤਸ਼ਾਹ ਸਦਾਏਗਾ, ਜਿਸ ਦੇ ਦਰ ਤੇ ਰਾਜੇ ਮਹਾਰਾਜੇ ਅਤੇ ਪਾਤਸ਼ਾਹ ਵੀ ਆ ਕੇ ਸਿਰ ਨਿਵਾਉਣਗੇ। ਇਸ ਦਾ ਜ਼ਿਕਰ ਨਲ੍ਯ ਭੱਟ ਆਪਣੀ ਬਾਣੀ ਵਿਚ ਇਉਂ ਕਰਦਾ ਹੈ–

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥੪॥ (ਪੰਨਾ ੧੩੯੯)

ਭਾਈ ਜੇਠਾ ਜੀ ਦੇ ਸੁਭਾਅ ਵਿਚ ਬਚਪਨ ਤੋਂ ਹੀ ਧੀਰਜ, ਮਿਠਾਸ, ਜੀਰਾਂਦ ਅਤੇ ਸੇਵਾ-ਭਾਵ ਕੁਟ ਕੁਟ ਕੇ ਭਰਿਆ ਹੋਇਆ ਸੀ। ਇਸ ਗਰੀਬੀ ਵਿਚ ਵੀ ਘੁੰਗਣੀਆਂ ਵੇਚਦਿਆਂ ਲੋੜਵੰਦਾਂ ਤੇ ਭੁਖਿਆਂ ਨੂੰ ਘੁੰਗਣੀਆਂ ਮੁਫ਼ਤ ਵੰਡ ਆਉਂਦੇ ਸਨ।

ਜਦੋਂ ਸ੍ਰੀ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਆਗਿਆ ਅਨੁਸਾਰ ਗੋਇੰਦਵਾਲ ਵਸਾਇਆ ਤਾਂ ਉਹ ਭਾਈ ਜੇਠਾ ਜੀ ਨੂੰ ਵੀ ਉਥੇ ਨਾਲ ਲੈ ਗਏ। ਗੋਇੰਦਵਾਲ ਵਿਚ ਵੀ ਆਪ ਜੀ ਘੁੰਗਣੀਆਂ ਵੇਚ ਕੇ ਹੀ ਆਪਣਾ ਅਤੇ ਨਾਨੀ ਦਾ ਗੁਜ਼ਾਰਾ ਕਰਦੇ ਰਹੇ। ਪਰ ਇਥੇ ਹੁਣ ਨਾਲ ਹੀ ਵਧ ਤੋਂ ਵਧ ਸੇਵਾ ਕਰਨ ਦੇ ਅਉਸਰ ਮਿਲਣ ਲਗ ਪਏ, ਕਦੇ ਕਦੇ ਸ੍ਰੀ ਅਮਰਦਾਸ ਜੀ ਦੇ ਨਾਲ ਖਡੂਰ ਸਾਹਿਬ ਵਿਚ ਵੀ ਗੁਰੂ ਅੰਗਦ ਸਾਹਿਬ ਦੇ ਦਰਸ਼ਨ ਪਰਸਨ ਦੇ ਸੁਭਾਗ ਪ੍ਰਾਪਤ ਹੋਣ ਲਗ ਪਏ।

ਅਤੁਟ ਸੇਵਾ-ਕਮਾਈ ਦੇ ਸਦਕਾ ੧੫੫੨ ਈਸਵੀ ਨੂੰ ਅਮਰਦਾਸ ਜੀ ਗੁਰੂ-ਪਦ ਨੂੰ ਪ੍ਰਾਪਤ ਹੋਏ। ਹੁਣ ਖਡੂਰ ਸਾਹਿਬ ਦੀ ਥਾਂ ਗੁਰਤਾ-ਗਦੀ ਸ੍ਰੀ ਗੋਇੰਦਵਾਲ ਵਿਖੇ ਆ ਪ੍ਰਕਾਸ਼ਮਾਨ ਹੋਈ ਅਤੇ ਗੁਰੂ ਅਮਰਦਾਸ ਜੀ ਸਿਖ ਸੰਗਤਾਂ ਨੂੰ ਸੇਵਾ-ਸਿਮਰਨ ਨਾਲ ਨਿਹਾਲ ਕਰਨ ਲਗੇ। ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੇ ਮਨ ਨੂੰ ਇਤਨੇ ਭਾ ਗਏ ਸਨ ਕਿ ਉਨ੍ਹਾਂ ਨੇ ਆਪਣੀ ਪੁਤਰੀ ਬੀਬੀ ਭਾਨੀ ਦਾ ਵਿਆਹ ਸੰਨ ੧੫੫੩ ਵਿਚ ਆਪ ਨਾਲ ਕਰ ਦਿਤਾ।

ਭਾਈ ਜੇਠਾ ਜੀ ਗੁਰੂ ਪਾਤਸ਼ਾਹ ਦੇ ਜਵਾਈ ਬਣ ਕੇ ਵੀ ਪਹਿਲਾਂ ਵਾਂਗ ਹੀ ਲੰਗਰ ਲਈ ਜਲ ਅਤੇ ਲਕੜਾਂ ਆਦਿ ਦੀ ਸੇਵਾ ਵਿਚ ਚਾਉ ਉਮਾਉ ਨਾਲ ਜੁਟੇ ਰਹੇ।

ਜਦੋਂ ੧੫੫੭ ਈ: ਨੂੰ ਗੁਰੂ-ਦਰਬਾਰ ਦੇ ਕੁਝ ਦੋਖੀਆਂ ਨੇ ਅਕਬਰ ਬਾਦਸ਼ਾਹ ਦੇ ਹਿੰਦੂ ਅਫ਼ਸਰਾਂ ਰਾਹੀਂ ਗੁਰੂ ਅਮਰਦਾਸ ਜੀ ਦੇ ਬਰਖ਼ਿਲਾਫ਼ ਕੰਨ ਭਰੇ ਤਾਂ ਲਾਹੌਰ ਵਿਖੇ ਆਏ ਹੋਏ ਅਕਬਰ ਨੇ ਸਤਿਗੁਰੂ ਜੀ ਨੂੰ ਬੁਲਾ ਭੇਜਿਆ, ਸਤਿਗੁਰਾਂ ਦੀ ਉਮਰ ਓਦੋਂ ੭੮ ਸਾਲ ਹੋ ਚੁਕੀ ਸੀ, ਉਨ੍ਹਾਂ ਨੇ ਆਪਣੀ ਥਾਂ ਤੇ ਭਾਈ ਜੇਠਾ ਜੀ ਨੂੰ ਸ਼ਾਹੀ ਦਰਬਾਰ ਵਿਖੇ ਭੇਜ ਦਿਤਾ। ਭਾਈ ਜੇਠਾ ਜੀ ਦਾ ਹਿਰਦਾ ਗੁਰੂ ਘਰ ਦੀ ਅਥੱਕ ਸੇਵਾ ਅਤੇ ਸਿਮਰਨ ਕਰਕੇ ਅਤਿ ਨਿਰਮਲ ਅਤੇ ਸ਼ਾਂਤ ਹੋ ਚੁਕਾ ਸੀ। ਆਪ ਜੀ ਨੇ ਆਪਣੇ ਮਿਠੇ, ਕੋਮਲ ਤੇ ਧੀਰੇ ਬਚਨਾਂ ਦੁਆਰਾ, ਗੁਰੂ-ਘਰ ਦੀ ਰਹਿਤ-ਰਹਿਣੀ ਐਸੀ ਸਿਆਣਪ ਤੇ ਸੁਚੱਜਤਾ ਨਾਲ ਬਿਆਨ ਕੀਤੀ ਕਿ ਸਭ ਦਰਬਾਰੀਆਂ ਸਮੇਤ ਬਾਦਸ਼ਾਹ ਦੀ ਪੂਰੀ ਤਰ੍ਹਾਂ ਨਿਸ਼ਾ ਹੋ ਗਈ। ਚੁਗਲੀਆਂ ਕਰਨ ਵਾਲੇ ਗੁਰੂ-ਘਰ ਦੇ ਨਿੰਦਕਾਂ ਤੇ ਦੋਖੀਆਂ ਨੂੰ ਬੁਰੀ ਤਰ੍ਹਾਂ ਬੇਇਜ਼ਤ ਹੋ ਕੇ ਵਾਪਸ ਮੁੜਨਾ ਪਿਆ।

ਬਾਉਲੀ ਸਾਹਿਬ ਦੀ ਖੁਦਵਾਈ ਹੋਈ ਤਾਂ ਭਾਈ ਜੇਠਾ ਜੀ ਸਾਰਾ ਦਿਨ ਹੀ ਗਾਰੇ ਮਿੱਟੀ ਵਿਚ ਲੱਖ-ਪੱਥ ਟੋਕਰੀ ਢੋਣ ਦੀ ਸੇਵਾ ਵਿਚ ਹੀ ਬਿਤਾਂਦੇ। ਅਜਿਹੀ ਦਸ਼ਾ ਵਿਚ ਵਿਚਰਦਿਆਂ ਸ਼ਰੀਕੇ ਦੇ ਰਿਸ਼ਤੇਦਾਰਾਂ ਜਦੋਂ ਆ ਕੇ ਵੇਖਿਆ ਤਾਂ ਉਨ੍ਹਾਂ ਗੁਰੂ ਅਮਰਦਾਸ ਜੀ ਨੂੰ ਜਾ ਉਲਾਂਭਾ ਦਿਤਾ ਕਿ ਜਵਾਈ-ਭਾਈ ਤੋਂ ਟੋਕਰੀ ਚੁਆ ਕੇ ਤੁਸਾਂ ਸਾਡਾ ਨੱਕ ਵਢ ਦਿਤਾ ਹੈ। ਪਰ ਭਾਈ ਜੇਠਾ ਜੀ ਇਹ ਅਪਮਾਨ ਦੇ ਬਚਨ ਸੁਣ ਕੇ ਸਤਿਗੁਰੂ ਦੀ ਚਰਨੀਂ ਢਹਿ ਪਏ ਤੇ ਬੇਨਤੀ ਕੀਤੀ ਕਿ ਇਨ੍ਹਾਂ ਭੁਲੜਾਂ ਨੂੰ ਬਖ਼ਸ਼ ਦਿਓ।

ਗੁਰੂ ਅਮਰਦਾਸ ਜੀ ਨੇ ੯੧ ਸਾਲ ਦੀ ਉਮਰੇ ਗੁਰਸਿੱਖੀ ਦੇ ਪਰਚਾਰ ਲਈ ਮਾਝੇ ਦੇ ਕੇਂਦਰ ਵਿਚ ਜ਼ਮੀਨ ਲਈ ਅਤੇ ਨਵੇਂ ਨਗਰ ਦੀ ਉਸਾਰੀ ਕਰਾਣ ਲਈ ਭਾਈ ਜੇਠਾ ਜੀ ਦੀ ਸੇਵਾ ਲਾ ਦਿਤੀ। ੧੫੭੦ ਵਿਚ ਗੁਰੂ ਅਮਰਦਾਸ ਜੀ ਨੇ ਆਪ ਉਸ ਜ਼ਮੀਨ ਵਿਖੇ 'ਗੁਰੂ ਕਾ ਚੱਕ' ਵਸਾਣ ਲਈ ਮੋੜ੍ਹੀ ਗਡੀ ਅਤੇ ਉਪਰੰਤ ਭਾਈ ਜੇਠਾ ਜੀ


www.AKJ.Org

ਇਸ ਨਗਰ ਨੂੰ ਵਸਾਣ ਲਈ ਹਿਤੋਂ ਚਿਤੋਂ ਲਗ ਪਏ। ਜਿਥੇ ਭਾਈ ਜੇਠਾ ਜੀ ਸਿਖ-ਸੰਗਤਾਂ ਦੀ ਸੇਵਾ-ਸੰਭਾਲ ਅਤੇ ਨਗਰ ਵਸਾਣ ਲਈ ਹੋਰ ਸਾਰੇ ਪਰਬੰਧ ਸਰੰਜਾਮ ਲਿਆ ਰਹੇ ਸਨ ਉਥੇ ਉਹ ਆਪ ਵੀ ਮਿੱਟੀ ਗਾਰੇ ਦੀ ਸੇਵਾ ਨਿਭਾਂਦੇ ਰਹੇ। ਗੁਰੂ-ਦਰ ਦੇ ਆਸ਼ਕ ਅਤੇ ਵਪਾਰੀ ਲੋਕ ਇਸ ਨਗਰ ਵਿਚ ਆ ਕੇ ਅਬਾਦ ਹੋਣੇ ਸ਼ੁਰੂ ਹੋ ਗਏ ਅਤੇ ਦੇਖਦਿਆਂ ਦੇਖਦਿਆਂ ਹੀ ਕੁਝ ਸਾਲਾਂ ਵਿਚ ਇਹ ਚੰਗੀ ਵਸੋਂ ਵਾਲਾ ਨਗਰ ਬਣ ਗਿਆ।

੧੫੭੪ ਈ: ਵਿਚ ਗੁਰੂ ਅਮਰਦਾਸ ਜੀ ਨੇ ਗੁਰਿਆਈ ਦੇਣ ਤੋਂ ਪਹਿਲਾਂ ਇਕ ਵਾਰ ਹੋਰ ਗੁਰਸਿੱਖਾਂ ਦੀ ਪਰਖ ਕੀਤੀ, ਜਿਸ ਵਿਚ ਅੰਤ ਤਕ ਸਤਿਗੁਰੂ ਜੀ ਦੇ ਦੋਨੋਂ ਜਵਾਈ ਭਾਈ ਜੇਠਾ ਜੀ ਤੇ ਭਾਈ ਰਾਮਾ ਜੀ ਪੂਰੇ ਉਤਰਦੇ ਰਹੇ। ਛੇਕੜ ਸਤਿਗੁਰੂ ਜੀ ਨੇ ਖ਼ਾਸ ਵਿਉਂਤ ਦੇ ਦੋ ਵਖ ਵਖ ਥੜ੍ਹੇ ਬਣਾਉਣ ਲਈ ਦੋਹਾਂ ਸੇਵਕਾਂ ਨੂੰ ਆਗਿਆ ਕੀਤੀ। ਦੋਵੇਂ ਸਵੇਰ ਤੋਂ ਸ਼ਾਮ ਤਕ ਗਾਰੇ ਮਿੱਟੀ ਨਾਲ ਲੱਥ ਪੱਥ ਥੜ੍ਹੇ ਬਣਾਉਣ ਦੀ ਸੇਵਾ ਕਰਦੇ, ਪਰ ਸਤਿਗੁਰਾਂ ਨੇ ਸ਼ਾਮ ਨੂੰ ਆ ਕੇ ਦੋਵੇਂ ਰਦ ਕਰ ਦੇਣੇ। ਭਾਈ ਰਾਮਾ ਜੀ ਤਾਂ ਤਿੰਨ ਚਾਰ ਦਿਨਾਂ ਵਿਚ ਹੰਭ ਹੁਟ ਕੇ ਡੋਲ ਗਏ, ਪਰ ਭਾਈ ਜੇਠਾ ਜੀ ਪੂਰੀ ਸਿਦਕਦਿਲੀ ਨਾਲ ਸਤ ਦਿਨ ਥੜ੍ਹਾ ਬਣਾਉਣ ਦੀ ਕਾਰ ਕਮਾਉਂਦੇ ਰਹੇ। ਸਤਿਗੁਰੂ ਅਮਰ ਦਾਸ ਜੀ ਨੇ ਭਾਈ ਜੇਠਾ ਜੀ ਦੀ ਅਤਿ ਗਰੀਬੀ ਅਤੇ ਹੁਕਮ ਵਿਚ ਰਹਿ ਕੇ ਕਾਰ ਕਮਾਉਣ ਦੀ ਦ੍ਰਿੜ੍ਹਤਾ ਅਤੇ ਪਿਆਰ-ਸਿਦਕ ਤੇ ਪ੍ਰਸੰਨ ਹੋ ਕੇ, ਭਾਈ ਜੇਠਾ ਜੀ ਨੂੰ ਗੁਰ-ਗਦੀ ਬਖ਼ਸ਼ ਦਿਤੀ। ਭਾਈ ਜੇਠਾ ਜੀ ਸ੍ਰੀ ਗੁਰੂ ਰਾਮਦਾਸ ਰੂਪ ਹੋ ਪਰਗਟ ਹੋ ਗਏ।

ਗੁਰੂ-ਪਦ ਨੂੰ ਪ੍ਰਾਪਤ ਕਰਕੇ ਗੁਰੂ ਰਾਮਦਾਸ ਜੀ ਗੁਰੂ-ਚਕ ਆ ਗਏ ਅਤੇ ਨਗਰ ਨੂੰ ਵਧਣ ਫੁਲਣ ਲਈ ਹਰ ਤਰ੍ਹਾਂ ਦੇ ਪਰਬੰਧ ਵਿਚ ਜੁਟ ਗਏ। ਸਿਖ ਸੰਗਤਾਂ ਦੂਰ ਦੂਰ ਤੋਂ ਧਾਈ ਕਰ ਕੇ ਗੁਰੂ ਕੀ ਨਗਰੀ ਪੁਜਦੀਆਂ ਅਤੇ ਆਪਣੇ ਪਾਤਸ਼ਾਹ ਤੋਂ ਨਾਮ-ਦਾਨ ਤੇ ਸਿੱਖੀ ਸਿਦਕ ਦੀ ਦਾਤਿ ਪ੍ਰਾਪਤ ਕਰਦੀਆਂ। ਸਿਖ ਸੰਗਤਾਂ ਦੀ ਲੋੜ ਨੂੰ ਮੁਖ ਰਖ ਕੇ ਆਪ ਨੇ ਅੰਮ੍ਰਿਤ-ਸਰੋਵਰ ਪੁਟਵਾਣਾ ਅਰੰਭ ਕੀਤਾ ਅਤੇ ਸਿਖ ਸੰਗਤਾਂ ਦੇ ਨਾਲ ਆਪ ਵੀ ਟੋਕਰੀ ਢੋਣ ਦੀ ਸੇਵਾ ਨਿਭਾਂਦੇ ਰਹੇ। ਸਰੋਵਰ ਦੀ ਕਾਰ-ਸੇਵਾ ਸਮੇਂ ਸਤਿਗੁਰੂ ਜੀ ਲਾਚੀ-ਬੇਰੀ ਵਾਲੇ ਅਸਥਾਨ ਤੇ ਬਿਰਾਜਮਾਨ ਹੋ ਕੇ ਦੇਖ-ਰੇਖ ਕਰਦੇ ਸਨ। ਇਨ੍ਹਾਂ ਦਿਨਾਂ ਵਿਚ ਹੀ ਇਕ ਘਟਨਾ ਵਾਪਰੀ। ਪੱਟੀ ਵਿਖੇ ਮੁਗਲ ਰਾਜ ਦਾ ਇਕ ਕਾਰਦਾਰ ਰਹਿੰਦਾ ਸੀ, ਜੋ ਬੜਾ ਹੰਕਾਰੀ ਤੇ ਰੱਬ ਤੋਂ ਮੁਨਕਰ ਸੀ। ਉਹ ਆਪਣੇ ਆਪ ਨੂੰ ਹੀ ਸਭ ਕੁਝ ਸਮਝਦਾ ਸੀ। ਉਸ ਦੀਆਂ ਪੰਜ ਧੀਆਂ ਸਨ, ਵਡੀਆਂ ਤਾਂ ਜਿਵੇਂ ਉਹ ਕਹਿੰਦਾ, ਮੰਨੀ ਜਾਂਦੀਆਂ, ਪਰ ਛੋਟੀ ਬੀਬੀ ਰਜਨੀ ਦੇ ਕੰਨੀਂ ਗੁਰੂ ਨਾਨਕ ਦੀ ਬਾਣੀ-ਸਰੋਤ ਪੈਣ ਕਰਕੇ ਦਾਤਾਤ-ਪ੍ਰਭੂ ਤੇ ਭਰੋਸਾ ਰਖਦੀ ਸੀ। ਪਿਤਾ ਨੇ ਉਸ ਦੇ ਇਸ ਭਰੋਸੇ ਤੇ ਸੱਟ ਮਾਰਨ ਲਈ ਉਸ ਨੂੰ ਇਕ ਕੰਗਲੇ ਨਾਲ ਵਿਆਹ ਕੇ ਘਰੋਂ ਧਕ ਦਿਤਾ ਕਿ ਵੇਖਦਾ ਹਾਂ ਕਿਵੇਂ ਕੋਈ ਰੱਬ ਤੇਰੀ ਪ੍ਰਤਿਪਾਲਣਾ ਕਰਦਾ ਹੈ। ਬੀਬੀ ਭਾਨੀ ਪਿੰਗਲੇ ਪਤੀ ਨੂੰ ਖਾਰੇ ਵਿਚ ਪਾ ਕੇ ਦਰ ਦਰ ਮੰਗਦੀ ਗੁਰੂ ਚੱਕ ਆ ਪੁਜੀ। ਦੁਖ-ਭੰਜਨੀ ਬੇਰੀ ਵਾਲੇ ਥਾਂ ਤੇ ਜਲ ਦੀ ਛਪੜੀ ਦੇ ਕੰਢੇ ਪਤੀ ਦਾ ਟੋਕਰਾ ਰਖ ਕੇ, ਆਪ ਮੰਗਣ ਪਿੰਨਣ ਚਲੀ ਗਈ। ਪਿਛੋਂ ਉਸ ਦੇ ਪਿੰਗਲੇ ਪਤੀ ਨੇ ਵੇਖਿਆ ਕਿ ਇਕ ਕਾਂ ਛਪੜੀ-ਕੰਢੇ ਆਇਆ ਅਤੇ ਉਹ ਜਲ ਵਿਚ ਟੁੱਭੀ ਲਾ ਕੇ ਕਾਲੇ ਕਾਂ ਤੋਂ ਹੰਸ ਸਮਾਨ ਉਜਲ ਹੋ ਕੇ ਉਡਾਰੀ ਮਾਰ ਗਿਆ। ਪਿੰਗਲੇ ਨੇ ਇਹ ਕੌਤਕ ਵੇਖਿਆ ਤਾਂ ਉਹ ਵੀ ਰਿੜ੍ਹ-ਰੁੜ੍ਹ ਕੇ ਉਸ ਛਪੜੀ ਵਿਚ ਜਾ ਪਿਆ। ਛਪੜੀ ਦੇ ਜਲ ਨੇ ਉਸ ਦਾ ਕਾਇਆਂ-ਕਲਪ ਕਰ ਦਿਤਾ, ਉਹ ਨਵਾਂ ਨਿਰੋਆ ਹੋ ਗਿਆ। ਬੀਬੀ ਭਾਨੀ ਮੁੜੀ ਤਾਂ ਉਸ ਨੂੰ ਵੇਖ ਕੇ ਬੀਬੀ ਨੂੰ ਅਮੰਨਾ ਨਾ ਆਵੇ ਕਿ ਇਹ ਉਹੋ ਮੇਰਾ ਕੋੜ੍ਹੀ ਪਤੀ ਹੈ। ਅੰਤ ਉਹ ਦੋਵੇਂ ਗੁਰੂ ਰਾਮਦਾਸ ਜੀ ਦੀ ਚਰਨ-ਸ਼ਰਨ ਵਿਚ ਹਾਜ਼ਰ ਹੋਏ ਤਾਂ ਸਤਿਗੁਰੂ ਜੀ ਨੇ ਬੀਬੀ ਨੂੰ ਯਕੀਨ ਦਿਵਾਇਆ ਕਿ ਇਹ ਗੁਰੂ-ਦਰਬਾਰ ਦੀ *ਜ਼ਾਹਰਾ ਕਲਾ ਹੈ, ਇਹ ਤੇਰਾ ਹੀ ਪਤੀ ਹੈ, ਇਸ ਵਿਚ ਰਤਾ ਸ਼ੰਕਾ ਨਾ

*ਦੁਖ ਭੰਜਨੀ ਦੇ ਇਸ ਅਸਥਾਨ ਤੇ ਸ਼ਰਧਾ ਭਾਵਨਾ ਵਾਲਿਆਂ ਦੇ ਕਈ ਕੌਤਕ ਵਰਤਦੇ ਰਹੇ ਅਤੇ ਵਰਤ ਰਹੇ ਹਨ। ਨਵੰਬਰ ੧੯੭੪ ਦੇ ਸੂਰਾ ਵਿਚ ਇਕ ਬਹਾਦਰ ਤੇ ਪਰਉਪਕਾਰੀ ਉਮਰ ਕੈਦੀ ਦੀ ਸੱਚੀ ਸ਼ਰਧਾ ਭਰੀ ਪੂਰੀ ਵਾਰਤਾ ਦਿਤੀ ਗਈ ਸੀ ਕਿ ਕਿਵੇਂ ੯ ਅਕਤੂਬਰ ੧੯੭੪ ਨੂੰ ਇਸ ਅਸਥਾਨ ਤੇ ਇਸ਼ਨਾਨ ਕਰਨ ਨਾਲ ਉਸ ਦਾ ਨਕਾਰਾ ਹੋ ਚੁਕਾ ਸਰੀਰ ਹਰਿਆ ਭਰਿਆ ਹੋ ਗਿਆ ਸੀ।


www.AKJ.Org

ਕਰ। ਦੋਵੇਂ ਜੀਅ ਗੁਰੂ-ਚੱਕ ਵਿਚ ਹੀ ਟਿਕ ਗਏ ਅਤੇ ਸੇਵਾ ਸਿਮਰਨ ਕਰਦਿਆਂ ਧਰਮ ਦੀ ਕਿਰਤ ਵਿਰਤ ਕਰ ਕੇ ਆਪਣੀ ਰਹਿੰਦੀ ਆਯੂ ਉਥੇ ਹੀ ਬਿਤਾਉਣ ਲਗੇ।

ਸ੍ਰੀ ਗੁਰੂ ਰਾਮਦਾਸ ਜੀ ਦੀ ਅਥੱਕ ਮਿਹਨਤ ਅਤੇ ਘਾਲਣਾ ਨਾਲ ਅੰਮ੍ਰਿਤ-ਸਰੋਵਰ ਮੁਕੰਮਲ ਹੋਇਆ ਅਤੇ ਗੁਰੂ ਕਾ ਚੱਕ ਵੀ ਬੇਅੰਤ ਰੌਣਕਾਂ ਵਿਚ ਸਜ਼ੋਭਤ ਹੋ ਗਿਆ। ਅੰਮ੍ਰਿਤ ਦੇ ਸਰੋਵਰ ਕਰਕੇ ਨਗਰੀ ਦਾ ਨਾਂ ਵੀ ਸਹਿਜੇ ਸਹਿਜੇ 'ਗੁਰੂ ਕੇ ਚੱਕ' ਦੀ ਥਾਂ ਅੰਮ੍ਰਿਤਸਰ ਪਰਸਿਧ ਹੋ ਗਿਆ। ਗੁਰੂ ਪੰਚਮ ਪਾਤਸ਼ਾਹ ਫੁਨਹੇ ਮਹਲਾ ੫ ਵਿਚ ਇਸ ਨਗਰੀ ਤੇ ਸਰੋਵਰ ਦੀ ਸ਼ੋਭਾ ਇਉਂ ਨਿਰੂਪਣ ਕਰਦੇ ਹਨ–

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ ॥ ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥੧੦॥ (ਪੰਨਾ ੧੩੬੨)

ਭਾਈ ਗੁਰਦਾਸ ਜੀ ਵੀ ਗੁਰੂ ਰਾਮਦਾਸ ਜੀ ਦੀ ਜਗਮਗਾਂਦੀ ਜੋਤਿ ਦਾ ਇਸ ਸਮੇਂ ਦਾ ਜ਼ਿਕਰ ਕਰਦੇ ਹਨ–

ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ ॥
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ ॥ (ਵਾਰ ੧, ਪਉੜੀ ੪੭)

ਸ੍ਰੀ ਗੁਰੂ ਅਰਜਨ ਦੇਵ ਜੀ ਹਰ ਤਰ੍ਹਾਂ ਗੁਰੂ-ਪਾਤਸ਼ਾਹ ਦੀ ਘਸਵੱਟੀ ਤੇ ਪੂਰਨ ਗੁਰਸਿਖ ਰੂਪ ਹੋ ਕੇ ਨਿਤਰੇ ਅਤੇ ਸਬਰ-ਸਿਦਕ ਨਾਲ ਸਭ ਕਾਰ ਕਮਾਂਦੇ ਰਹੇ, ਆਪ ਗੁਰਮਤਿ-ਗੁਣਾਂ ਵਿਚ ਨਿਪੁੰਨ ਸਨ, ਪਰ ਇਸ ਦੇ ਉਲਟ ਬਾਬਾ ਪ੍ਰਿਥੀਚੰਦ ਭਾਵੇਂ ਦੁਨਿਆਵੀ ਤੌਰ ਤੇ ਹਰ ਤਰ੍ਹਾਂ ਸੁਘੜ-ਸੁਜਾਨ ਸੀ, ਪਰ ਉਸ ਦੇ ਅੰਦਰ ਹਉਮੈ ਦੇ ਕਾਰਨ ਮਾਇਆ ਪ੍ਰਬਲ ਸੀ, ਜਿਸ ਕਰਕੇ ਉਹ ਸਿੱਖੀ ਸਿਦਕ ਤੋਂ ਥਿੜਕਿਆ ਰਿਹਾ। ਗੁਰੂ ਰਾਮਦਾਸ ਜੀ ਨੇ ਉਸ ਨੂੰ ਕਈ ਵਾਰ ਸਮਝਾਇਆ ਵੀ, ਅਤੇ ਉਸ ਪ੍ਰਥਾਇ ਗੁਰਬਾਣੀ ਵਿਚ ਵੀ ਇਹ ਬਚਨ ਆਉਂਦੇ ਹਨ–

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ (ਸਾਰੰਗ, ਪੰਨਾ ੧੨੦੦)

ਅੰਤ ਅਗਸਤ ੧੫੮੧ ਨੂੰ ਆਪ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਅਰਜਨ ਦੇਵ ਜੀ ਨੂੰ ਬਖਸ਼ ਦਿਤੀ।

ਇਸ ਸਮੇਂ ਪ੍ਰਿਥੀਚੰਦ ਦੀ ਈਰਖਾ ਤੋਂ ਬਚਣ ਲਈ ਗੁਰੂ ਰਾਮਦਾਸ ਜੀ ਆਪਣੇ ਆਗਿਆਕਾਰ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਤ ਗੋਇੰਦਵਾਲ ਜਾ ਟਿਕੇ ਅਤੇ ਇਥੇ ਹੀ ੧ ਸਤੰਬਰ ੧੫੮੧ ਨੂੰ ਜੋਤੀ ਜੋਤਿ ਸਮਾ ਗਏ।

ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਮਤਿ ਸੰਗੀਤ ਦਾ ਅਲੌਕਿਕ ਇਸ਼ਕ ਸੀ, ਇਸੇ ਕਾਰਨ ਉਨ੍ਹਾਂ ਦੀ ਬਾਣੀ ੩੦ ਰਾਗਾਂ ਵਿਚ ਮਿਲਦੀ ਹੈ, ਜਦ ਕਿ ਸ੍ਰੀ ਗੁਰੂ ਨਾਨਕਦੇਵ ਜੀ ਦੀ ੧੯ ਅਤੇ ਗੁਰੂ ਅਮਰਦਾਸ ਜੀ ਦੀ ੧੭ ਰਾਗਾਂ ਵਿਚ।

ਆਪ ਜੀ ਦੀ ਬਾਣੀ ਵਿਚ ਬ੍ਰਿਹੋਂ, ਵੈਰਾਗ ਅਤੇ ਗੁਰੂ-ਚਰਨਾਂ ਦਾ ਪ੍ਰੇਮ ਠਾਠਾਂ ਮਾਰਦਾ ਹੈ। ਆਪ ਜੀ ਦੀ ਰਚਿਤ ਬਾਣੀ ਵਿਚ ਚਾਰ ਰਾਗਾਂ ਦੀਆਂ ੬-੬ ਅਸ਼ਟਪਦੀਆਂ (੨੪ ਅਸ਼ਟਪਦੀਆਂ) ਪ੍ਰੇਮ ਤੇ ਬਿਰਹੋਂ ਰੰਗ ਵਿਚ ਰੰਗੀਆਂ ਹੋਈਆਂ ਹਨ ਅਤੇ ਇਹ ਬਾਣੀ 'ਸੁਖਮਨਾ ਸਾਹਿਬ' ਦੇ ਨਾਂ ਹੇਠ ਪ੍ਰਸਿਧ ਹੈ। ਅਜੇ ਵੀ ਕਈ ਗੁਰੂ ਕੇ ਲਾਲ ਇਸ ਬਾਣੀ ਦਾ ਨਿਤ ਅੰਮ੍ਰਿਤ ਵੇਲੇ ਪਾਠ ਕਰਦੇ ਤੇ ਅਨੰਦਤ ਹੁੰਦੇ ਹਨ।

ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਬਰਾਦਰੀ ਵਲੋਂ ਜੋ ਇਕੱਠ ਗੋਇੰਦਵਾਲ ਹੋਇਆ, ਉਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪ੍ਰਤਿਭਾ ਉਜਾਗਰ ਹੋ ਗਈ। ਇਸ ਸਮੇਂ ਸਾਲਾਂ ਬੱਧੀ ਠੋਕਰਾਂ ਖਾਂਦੇ ਭੱਟ ਵੀ ਗੁਰੂ-ਦਰਬਾਰ ਵਿਚ ਹਾਜ਼ਰ ਹੋਏ। ਉਨ੍ਹਾਂ ਨੇ ਉਥੇ ਜੋਤਿ ਦਾ ਜੋ ਪ੍ਰਕਾਸ਼ ਤਕਿਆ, ਉਹ ਉਨ੍ਹਾਂ ਦੇ ਹਿਰਦਿਆਂ ਨੂੰ ਰੁਸ਼ਨਾ ਗਿਆ। ਉਸ ਸਮੇਂ ਭੱਟਾਂ ਨੇ ਗੁਰੂ-ਉਸਤਤ ਵਿਚ ਜੋ ਸਵਈਏ ਉਚਾਰਨ ਕੀਤੇ, ਉਨ੍ਹਾਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਮਹਾਨਤਾ ਨੂੰ ਬਿਆਨ ਕਰਦਿਆਂ ਲਿਖਿਆ ਕਿ ਠਾਕਰ ਹਰਦਾਸ ਜੀ ਦੇ ਸਪੁੱਤਰ ਗੁਰੂ ਰਾਮਦਾਸ ਜੀ ਪ੍ਰਭੂ ਤੋਂ ਟੁਟੇ ਹੋਏ ਹਿਰਦਿਆਂ ਨੂੰ ਨੱਕਾ ਨੱਕ ਨਾਮ-ਬਾਣੀ ਨਾਲ ਭਰ ਦੇਣ ਵਾਲੇ ਹਨ। ਉਨ੍ਹਾਂ ਦੀ ਨਿਰਮਲ ਸੰਗਤ ਵਿਚ ਚਲੂਲੇ ਆਤਮ-ਰੰਗ ਨਸੀਬ ਹੁੰਦੇ ਹਨ ਅਤੇ ਮਨ ਸਹਜ ਅਵਸਥਾ ਵਿਚ ਟਿਕ ਕੇ ਜੋਤਿ ਸਰੂਪੀ ਪ੍ਰਭੂ ਨਾਲ ਇਕ-ਮਿਕ ਹੋ ਜਾਂਦਾ ਹੈ।


www.AKJ.Org

ਉਨ੍ਹਾਂ ਦੀ ਪ੍ਰੇਮਾ-ਭਗਤੀ ਦੇ ਭਰੇ ਭੰਡਾਰਾਂ ਦੀ ਬਖ਼ਸ਼ਸ਼ ਨਾਲ ਪਰਮ ਪਦ ਨੂੰ ਪ੍ਰਾਪਤ ਹੋਈਦਾ ਹੈ। ਪ੍ਰੇਮਾ ਭਗਤੀ ਦੇ ਪਰਵਾਹ ਕਾਰਨ ਉਨ੍ਹਾਂ ਦੀ ਪੂਰਬਲੀ ਪ੍ਰਭੂ-ਪ੍ਰੀਤ ਵਿਚ ਕਦੇ ਠਲ੍ਹ ਨਹੀਂ ਪੈਂਦੀ, ਸਗੋਂ ਸਤਿਗੁਰੂ ਦਾ ਅਥਾਹ ਗੁਰ-ਸ਼ਬਦ ਜਪ ਜਪ ਕੇ ਉਹ ਅੰਮ੍ਰਿਤ-ਧਾਰਾ ਦੇ ਰਸ ਵਿਚ ਸਦਾ ਲਿਵਲੀਨ ਰਹਿੰਦੇ ਹਨ। ਭੱਟ-ਬਾਣੀ ਇਉਂ ਹੈ–

–ਕਵਿ ਕਲਿ ਠਾਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੨॥

–ਸਤਿਗੁਰ ਮਤਿ ਗੂੜ੍ਹ ਬਿਮਲ ਸਤਸੰਗਤਿ ਆਤਮੁ ਰੰਗਿ ਚਲੂਲ ਭਯਾ ॥

ਜਾਗ੍ਯਾ ਮਨੁ ਕਵਲੁ ਸਹਜਿ ਪਰਕਾਸ੍ਯਾ ਅਭੈ ਨਿਰੰਜਨੁ ਘਰਹਿ ਲਹਾ ॥੩॥ (ਭਟ ਕਲ ਸਹਾਰ, ੧੩੯੬)

–ਸਤਿਗੁਰ ਪਰਸਾਦਿ ਪਰਮ ਪਦ ਪਾਯਾ ਭਗਤਿ ਭਾਇ ਭੰਡਾਰ ਭਰੇ ॥੪॥

–ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ ॥

ਸਤਿਗੁਰ ਸਬਦੁ ਅਥਾਹ ਅਮਿਅ ਧਾਰਾ ਰਸੁ ਗੁਟਇ ॥੮॥ (ਕਲਸਹਾਰ, ੧੩੯੬-੯੭)

# ਗੁਰੂ ਮਾਨਿਓ ਗ੍ਰੰਥ

[ਭਾਈ ਸੁਖਬੀਰ ਸਿੰਘ ਖ਼ਾਲਸਾ, ਆਕਲੈਂਡ, ਨਿਊਜ਼ੀਲੈਂਡ]

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਸਾਰ ਨੂੰ ਇਕ ਮਹਾਨ ਦੇਣ ਹੈ। ਜਿਵੇਂ ਅਕਾਸ਼ ਨੂੰ ਕਲਾਵੇ ਵਿਚ ਲੈਣਾ ਬਹੁਤ ਕਠਨ ਹੈ, ਜਿਵੇਂ ਸੂਰਜ ਦੀ ਦੂਰੀ ਨੂੰ ਗਜ਼ਾਂ ਨਾਲ ਨਾਪਿਆ ਨਹੀਂ ਜਾ ਸਕਦਾ, ਜਿਵੇਂ ਅਕਾਸ਼ ਦੇ ਤਾਰੇ ਗਿਣੇ ਨਹੀਂ ਜਾ ਸਕਦੇ, ਜਿਵੇਂ ਸਮੁੰਦਰ ਦੀ ਡੂੰਘਾਈ ਨੂੰ ਮਿਣਿਆ ਨਹੀਂ ਜਾ ਸਕਦਾ, ਇਸੇ ਤਰ੍ਹਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਥਾਹ ਸਮੁੰਦਰ ਹੈ, ਜਿਸ ਦੀ ਡੂੰਘਾਈ ਨੂੰ ਲਭਣਾ ਕਿਸੇ ਦੇ ਵਸ ਨਹੀਂ।

ਅਸੀਂ ਵਡਭਾਗੇ ਹਾਂ ਕਿ ਸਾਡੇ ਕੋਲ ਗਿਆਨ ਦਾ ਸਮੁੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸਿਖ ਰਹਿਤ ਮਰਯਾਦਾ ਵਿਚ ਸਿਖ ਦੀ ਤਾਰੀਫ਼ ਇਉਂ ਕੀਤੀ ਹੈ–ਜੋ ਇਸਤ੍ਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮੇਸ਼ ਜੀ ਦੇ ਬਖ਼ਸ਼ੇ ਅੰਮ੍ਰਿਤ ਉਪਰ ਨਿਸਚਾ ਰਖਦਾ ਹੈ, ਉਹ ਸਿਖ ਹੈ। ਇਕ ਅਕਾਲ-ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਨਾ ਕਰਦਾ ਹੋਵੇ ਅਤੇ ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮੰਨਦਾ ਹੋਵੇ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਦੇਣ ਸਮੇਂ ਗੁਰਬਾਣੀ ਦੇ ਹੁਕਮ ਦ੍ਰਿੜ੍ਹ ਕਰਾਏ– ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥

ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ (ਪੰਨਾ ੯੮੨)

ਅਤੇ–ਸਬਦ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥ (ਪੰਨਾ ੬੩੫)

ਤਥਾ–ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥੪੪॥ (ਪੰਨਾ ੯੪੩)

ਸ਼ਬਦ-ਗੁਰੂ ਦੇ ਲੜ ਲਗ ਕੇ ਸਾਰਾ ਸੰਸਾਰ ਤਰ ਸਕੇਗਾ। ਜੋ ਸ਼ਬਦ-ਗੁਰੂ ਦੇ ਲੜ ਨਹੀਂ ਲਗਦੇ ਉਹ ਖੁਆਰ ਹੋਣਗੇ। ਪਰ ਅੱਜ ਕਲ੍ਹ ਬਹੁਤ ਸਾਰੇ ਲੋਕ ਗੁਰਬਾਣੀ ਦੀ ਆੜ ਲੈ ਕੇ ਆਪਣੇ ਆਪ ਨੂੰ ਗੁਰੂ ਦਸ ਰਹੇ ਹਨ। ਰਾਧਾ ਸੁਆਮੀ ਮਤ ਵਰਗੇ ਕਈ, ਲੋਕਾਂ ਦੇ ਕੰਨਾਂ ਵਿਚ ਕੰਨਾ ਮੁੰਨਾ ਕੁਰਰ ਕਰ ਕੇ, ਉਨ੍ਹਾਂ ਨੂੰ ਸ਼ਬਦ-ਗੁਰੂ ਤੋਂ ਦੂਰ ਲਿਜਾ ਰਹੇ ਹਨ ਅਤੇ ਬੜੇ ਸੂਖਸ਼ਮ ਢੰਗ ਨਾਲ ਆਪਣੇ ਵਿਛਾਏ ਜਾਲ ਵਿਚ ਫਸਾਈ ਤੁਰੇ ਜਾ ਰਹੇ ਹਨ। ਜਿਹੜਾ ਆਦਮੀ ਆਪ ਲੋਕਾਂ ਦੇ ਟਕਿਆਂ ਤੇ ਪਲਣਾ ਹੋਵੇ, ਉਹ ਕਿਸੇ ਨੂੰ ਕੀ ਉਪਦੇਸ਼ ਦੇ ਸਕਦਾ ਹੈ ? ਇਹੋ ਜਿਹੇ ਪਖੰਡ ਗੁਰੂਆਂ ਤੋਂ ਸਾਨੂੰ ਸੁਚੇਤ ਹੋਣ ਦੀ ਲੋੜ ਹੈ। ਸਾਨੂੰ ਗਿਆਨ ਦੇ ਮਹਾਨ ਸਮੁੰਦਰ, ਸਾਹਿਬ ਸ੍ਰੀ ਗੁਰੂ ਗ੍ਰੰਥ ਦਾ ਪਲੀ ਫੜਨਾ ਹੀ ਸ਼ੋਭਦਾ ਹੈ। ਸ਼ਬਦ-ਗੁਰੂ ਨੂੰ ਅਪਣਾ ਕੇ ਹੀ ਜਨਮ ਸਫਲ ਹੋਣਾ ਹੈ। ਸ਼ਬਦ-ਗੁਰੂ ਦੇ ਲੜ ਲਗ ਕੇ ਹੀ ਹਰਿ-ਪ੍ਰਭੂ ਦਾ ਮੇਲ ਹੋ ਸਕਦਾ ਹੈ। ਜੋ ਸਿਖ ਸ਼ਬਦ-ਗੁਰੂ ਦੀ ਸ਼ਰਨ ਲੈਣਗੇ ਉਨ੍ਹਾਂ ਦੇ ਲੋਕ ਪਰਲੋਕ ਸੁਹੇਲੇ ਹੋ ਜਾਣਗੇ।

ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪੇ ਮੇਲੇ ॥੪॥੨੨॥ (ਸੁਖਮਨੀ ਸਾਹਿਬ)



www.AKJ.Org

# ਗੁਰਮਤਿ ਮਤਿ ਅਚਲੁ ਹੈ

[ਭਾਈ ਰਾਮ ਸਿੰਘ ਜੀ, 12-ਦੀ ਗਰੋਵ, ਗ੍ਰੇਵਜ਼ੈਂਡ, ਕੈਂਟ, ਯੂ. ਕੇ]

"ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ" ਗੁਰਵਾਕ ਅਨੁਸਾਰ ਗੁਰਮਤਿ ਨੂੰ ਅਸੀਂ ਅਲਪੱਗ ਜੀਵਾਂ ਨੇ ਨਹੀਂ ਚਲਾਉਣਾ। ਗੁਰਮਤਿ ਦਾ ਧੁਰਵਾ ਪਹਿਲਾਂ ਹੀ ਅਭੁੱਲ ਸਤਿਗੁਰਾਂ ਨੇ ਬੰਨ੍ਹ ਦਿੱਤਾ ਹੋਇਆ ਹੈ, ਅਸੀਂ ਤਾਂ ਸਿਰਫ਼ ਉਸ ਗੁਰਮਤਿ ਤੇ ਪਹਿਰਾ ਦੇਣਾ ਹੈ, ਨਾਕਿ ਉਸ ਤੇ ਕਿੰਤੂ ਕਰਨਾ ਹੈ ਤੇ ਉਸ ਵਿਚ ਆਪਣੀ ਮਨਮਤਿ ਘਸੋੜਨੀ ਹੈ। ਕਿੰਤੂ ਕਰਨ ਨਾਲ ਸ਼ਰਧਾ ਨਹੀਂ ਉਪਜਦੀ, ਭੈ-ਭਾਵਨੀ ਨਹੀਂ ਰਹਿੰਦੀ ਅਤੇ ਅਸ਼ਰਧਕ ਹੋ ਕੇ ਕੋਰੇ ਦੇ ਕੋਰੇ ਰਹਿ ਜਾਈਦਾ ਹੈ। ਗੁਰਮਤਿ ਵਿਚ ਦੋ ਵਿਚਾਰਧਾਰਾਂ ਹੋ ਹੀ ਨਹੀਂ ਸਕਦੀਆਂ। ਜੇ ਪੈਦਾ ਕੀਤੀਆਂ ਜਾਂਦੀਆਂ ਹਨ ਤਾਂ ਉਹ ਗੁਰਸਿੱਖੀ ਤੇ ਗੁਰਮਤਿ ਤੇ ਸਿੱਧੀ ਸੱਟ ਹਨ, ਜੋ ਗੁਰੂ ਨੂੰ ਭਾਉਂਦੀਆਂ ਨਹੀਂ।

ਜੁਗੋ ਜੁਗ ਅਟੱਲ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਬਾਰੇ ਹੀ ਦੇਖੋ ਕਿ ਇਕ ਨਵਾਂ ਵਿਚਾਰ ਥੋੜਾ ਦੇਰ ਤੋਂ ਉਤਪੰਨ ਹੋ ਕੇ ਪ੍ਰਚਲਤ ਭੀ ਹੋ ਗਿਆ ਹੈ ਕਿ ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੁਰੂ ਸਰੂਪ ਭੀ ਪਦ-ਛੇਦ ਹੋਣਾ ਚਾਹੀਦਾ ਹੈ। ਇਹ ਬਹੁਤ ਬੜਾ ਅਸ਼ਰਧਕ ਖ਼ਿਆਲ ਤੇ 'ਅਭੁੱਲ ਗੁਰੂ ਕਰਤਾਰ ਦੀ ਕਰਨੀ ਉੱਪਰ ਕਿੰਤੂ ਹੈ। ਇਸ ਵਿਚਾਰ ਦੀ ਪੁਸ਼ਟੀ ਲਈ ਅਸੀਂ ਨਿਜ ਮਤ ਅਨੁਸਾਰ ਕਈ ਤਰ੍ਹਾਂ ਦੀਆਂ ਦਲੀਲ ਦਿੰਦੇ ਹਾਂ, ਜੋ ਕਿ ਗੁਰਸਿਖਾਂ ਨੂੰ ਆਪਣੇ ਨਿਜ-ਪਦ ਚੀਨਣ ਦੇ ਨਿਸ਼ਾਨੇ ਤੋਂ ਉਖੇੜਨ ਵਾਲੀਆਂ ਹਨ। ਅਜ ਤਕ ਵਖ ਵਖ ਗੁਰਮਤੀ ਵਿਦਵਾਨਾਂ ਦੇ ਗੁਰਬਾਣੀ ਦੇ ਅਨੇਕਾਂ ਪਾਠਾਂ ਬਾਰੇ ਕਈ ਤਰ੍ਹਾਂ ਦੇ ਮਤਭੇਦ ਤੁਰੇ ਆ ਰਹੇ ਹਨ। ਫਿਰ ਪਦ-ਛੇਦ ਕਿਹੜੀ ਮੱਤ ਅਨੁਸਾਰ ਕੀਤਾ ਜਾ ਸਕਦਾ ਹੈ ? ਇਹ ਤਾਂ ਗੁਰਮਤਿ ਵਿਚ ਮਨ-ਮਤਿ ਘੁਸੇੜਨਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਵਰਤੀ ਬੋਲੀ ਭਾਵੇਂ ਔਖੀ ਹੈ ਜਾਂ ਸੌਖੀ, ਇਹ ਧੁਰ ਕੀ ਆਈ ਬਾਣੀ ਹੈ, ਜੋ ਸਾਡੇ ਕਲਜੁਗੀ ਜੀਵਾਂ ਦੇ ਕਲਿਆਣ ਕਰਨ ਲਈ ਸਾਨੂੰ ਬਖਸ਼ਿਸ਼ ਵਜੋਂ ਮਿਲੀ ਹੈ। ਇਹ 'ਬ੍ਰਹਮ ਵੀਚਾਰ' ਬਾਣੀ ਆਮ ਕਵਿਤਾ ਵਾਂਗੂ ਨਹੀਂ ਕਿ ਇਸਦੇ ਲਿਖਣ-ਢੰਗ, ਬੋਲੀ ਆਦਿ ਤੇ ਕਿੰਤੂ ਕਰਨ ਦੀ ਅਸੀਂ ਕੋਈ ਹਮਾਕਤ ਕਰੀਏ। ਇਸ 'ਖਸਮ ਕੀ ਬਾਣੀ' ਵਿਚ ਦੋ ਅਭੁੱਲ ਤੇ ਅਨੰਤ ਕਲਾ ਸੰਪੂਰਨ ਸ਼ਕਤੀਆਂ, ਵਾਹਿਗੁਰੂ ਤੇ ਗੁਰੂ ਦਾ ਹੱਥ ਹੈ, ਜਿਨ੍ਹਾਂ ਰਾਹੀਂ ਇਹ 'ਪੋਥੀ ਪਰਮੇਸਰ ਕਾ ਥਾਨੁ'* 'ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ"‡ ਦੀ ਅਟੱਲ ਤੇ ਅਕੱਟ ਰੂਪ ਵਿਚ ਬਖਸ਼ਿਸ਼ਾਂ ਦਾ ਭੰਡਾਰ ਪ੍ਰਾਪਤ ਹੋਇਆ ਹੈ। ਸੋ ਜੁਗੋ ਜੁਗ ਅਟੱਲ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੂਪ-ਰੇਖਾ ਨੂੰ ਆਪਣੀ ਚਾਤਰੀ ਨਾਲ ਇਧਰ ਉਧਰ ਜੋੜਨ ਦਾ ਸਾਨੂੰ ਕੋਈ ਹੱਕ ਨਹੀਂ। ਇਸਦਾ ਲੜੀਦਾਰ ਸਰੂਪ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹੈ। ਸਿੱਖਾਂ ਨੂੰ ਗੁਰੂ ਦੀ ਆਗਿਆ ਅਨੁਸਾਰ ਵਿਚਰਨਾ ਗੁਰਮਤਿ ਗ੍ਰਹਿਣ ਕਰਨਾ ਹੈ।

ਗੁਰੂ ਜੀ ਦੀਆਂ ਖੁਸ਼ੀਆਂ, ਬਖਸ਼ਿਸ਼ਾਂ ਤੇ ਤੇਜ ਲੈਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਬਾਕਾਇਦਾ ਲੜੀਦਾਰ ਸਰੂਪ ਵਿਚ ਹੀ ਰੱਖਿਆ ਜਾਣਾ ਚਾਹੀਦਾ ਹੈ, ਜੋ ਸਹੀ ਅਰਥਾਂ ਵਿਚ ਗੁਰਮਤਿ ਹੈ। ਪਦ-ਛੇਦ ਬੀੜਾਂ ਰਾਹੀਂ ਜੇ ਸਿੱਖੀ ਦੇ ਪ੍ਰਚਾਰ ਬਾਰੇ ਦੇਖੀਏ ਤਾਂ ਪਤਾ ਲਗਦਾ ਹੈ ਕਿ ਪ੍ਰਚਾਰ ਜ਼ਿਆਦਾ ਨਹੀਂ ਹੋਇਆ, ਸਗੋਂ ਦੁਖ, ਨਾਲ ਕਹਿਣਾ ਪੈਂਦਾ ਹੈ ਕਿ ਉਦੋਂ ਤੋਂ ਲੈ ਕੇ ਪੰਜਾਬ ਦੇ ਅੱਧੋਂ ਵੱਧ ਸਿਖ ਸਿੱਖੀ ਤੋਂ ਦੂਰ ਹੋ ਗਏ ਹਨ, ਜੋ ਗੁਰੂ ਵਲੋਂ ਤੇਜ ਦੇ ਘਾਟੇ ਦੀ ਸਿੱਧੀ ਮਿਸਾਲ ਹੈ।

ਅੱਜ ਜਣੇ ਖਣੇ ਨੇ, ਪਦ-ਛੇਦ ਬੀੜਾਂ ਦੀ ਆੜ ਵਿਚ ਦੋ ਚਾਰ ਅੱਖਰ ਸਿੱਖ ਕੇ ਪੈਸੇ ਕਮਾਉਣ ਲਈ ਪਾਠ ਕਰਨਾ, ਆਪਣਾ ਪੇਸ਼ਾ ਜ਼ਰੂਰ ਬਣਾ ਲਿਆ ਹੈ ਤੇ ਪਾਠ ਕਰਨ ਤੇ ਸੁਣਨ ਦਾ ਕੋਈ ਸਤਿਕਾਰ ਹੀ ਨਹੀਂ ਰਿਹਾ। ਇਸ ਸੱਚਾਈ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਪਾਠ ਹੋ ਤਾਂ ਬਹੁਤ ਰਹੇ ਹਨ, ਪਰ ਸਤਿਕਾਰ ਕਿਸੇ ਤਰ੍ਹਾਂ ਦਾ ਭੀ ਨਹੀਂ। ਇਥੋਂ ਤਕ ਨੌਬਤ ਪਹੁੰਚ ਚੁਕੀ ਹੈ ਕਿ ਕੀਤੇ ਕਰਾਏ ਪਾਠ ਹੋਏ ਭੀ ਮਿਲ ਜਾਂਦੇ ਹਨ। ਪਹਿਲਾਂ ਜਦ

* ਸਲੋਕ ਮ: ੩, ਪੰਨਾ ੫੪੯-੫੯ ‡ ਸਾਰੰਗ ਮ: ੫, ਪੰਨਾ ੧੨੨੬



www.AKJ.Org

ਲੜੀਦਾਰ ਬੀੜ ਤੋਂ ਪਾਠ ਹੋਇਆ ਕਰਦੇ ਸਨ ਤਾਂ ਪਾਠੀ ਬਹੁਤ ਭੈ-ਭਾਵਨੀ ਤੇ ਸਤਿਕਾਰ ਨਾਲ ਪਾਠ ਕਰਿਆ ਕਰਦੇ ਸਨ ਤੇ ਸੁਣਨ ਵਾਲਿਆਂ (ਭਾਵੇਂ ਉਹ ਪੜ੍ਹੇ ਲਿਖੇ ਸਨ, ਭਾਵੇਂ ਅਨਪੜ੍ਹ) ਦੀ ਭੀੜ ਲੱਗੀ ਰਹਿੰਦੀ ਹੁੰਦੀ ਸੀ ਅਤੇ ਓਦੋਂ ਪ੍ਰੇਮ-ਪਿਆਰ ਦੇ ਅਨੋਖੇ-ਰੰਗ ਵਾਪਰਦੇ ਸਨ।

ਸੋ ਆਓ ਇਸ ਸਰਬ ਕਲਾ ਸਮਰੱਥ, ਪੂਰਨ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ, ਜੋ ਸਾਡੇ ਲਈ ਹਰ ਤਰ੍ਹਾਂ ਦੇ ਰੋਗਾਂ, ਦੁਖਾਂ ਕਲੇਸ਼ਾਂ ਦਾ ਨਾਸ਼ ਕਰਨ, ਸੁੱਖਾਂ ਤੇ ਖੁਸ਼ੀਆਂ ਦੀਆਂ ਬਰਕਤਾਂ ਦੀ ਬਰਖਾ ਕਰਨ ਤੇ ਅੰਤ ਪੂਰਨ ਜੋਤਿ ਨਾਲ ਇਕਮਿਕਤਾ ਬਖਸ਼ਣ ਵਾਲਾ ਇਕ ਮਹਾਨ ਖ਼ਜ਼ਾਨਾ ਹੈ, ਦਾ ਲੜੀਦਾਰ ਰੂਪ ਵਿਚ ਆਦਿ ਤੋਂ ਚਲਿਆ ਆ ਰਿਹਾ ਉਹੀ ਸਤਿਕਾਰ ਕਰੀਏ ਜੋ ਸਾਡੇ ਬਜ਼ੁਰਗਾਂ ਨੇ ਇਸ ਮਹਾਨ ਗੁਰੂ ਦਾ ਲੜੀਦਾਰ ਰੂਪ ਵਿਚ ਕਰ ਕੇ ਤੇ ਗੁਰੂ ਦੇ ਹੁਕਮਾਂ ਤੇ ਚਲ ਕੇ ਉਹ ਕੁਛ ਕੀਤਾ ਜਿਸ ਤੇ ਸਾਨੂੰ ਸਾਰੀ ਸਿੱਖ ਕੌਮ ਨੂੰ ਮਾਣ ਹੈ। ਅਸੀਂ ਆਪਣੀਆਂ ਮਨਘੜਤਾਂ ਵਿਚ ਫਸ ਕੇ ਉਨ੍ਹਾਂ ਦੀ ਕੀਤੀ ਦਾ ਤਾਂ ਪਾਸਕ ਭੀ ਨਹੀਂ ਕਰ ਰਹੇ। ਪਰ ਕਿੰਤੂ ਪ੍ਰੰਤੂ ਕਰਦੇ, ਗੁਰੂ ਦੀ ਬਖ਼ਸ਼ਸ਼ ਤੋਂ ਵਾਂਞੇ ਹੋ ਰਹੇ ਹਾਂ। ਘਾਟਾ ਇੱਥੇ ਇਸ ਚੀਜ਼ ਦਾ ਹੈ ਕਿ ਜਿਥੇ ਸਾਡੇ ਬਜ਼ੁਰਗ ਨਾਮ ਦੀ ਕਮਾਈ ਤੇ ਜ਼ੋਰ ਦਿੰਦੇ ਸਨ, ਉਥੇ ਅਸੀਂ ਨਾਮ-ਸਿਮਰਨ ਤੇ ਅੰਮ੍ਰਿਤ ਵੇਲਾ ਸੰਭਾਲਣ ਤੇ ਗੁਰੂ ਚਰਨਾਂ ਵਿਚ ਜੁੜਨ ਦੀ ਥਾਂ ਮਨ-ਉਕਤ ਹਾਸ਼ੀਏ ਚੜ੍ਹਾ ਕੇ, ਗੁਰਸਿੱਖੀ ਦੀ ਕਮਾਈ ਕਰਨ ਤੋਂ ਵਿਰਵੇ ਹੋ ਰਹੇ ਹਾਂ। ਗੁਰੂ ਸਾਹਿਬਾਨ ਨੇ ਤਾਂ ਗੁਰਬਾਣੀ ਦੀ ਹਰ ਤੁਕ ਵਿਚ ਸਿਮਰਨ ਤੇ ਜ਼ੋਰ ਦਿੱਤਾ ਹੈ ਤੇ ਸਿਖ ਦਾ ਨਿਤ-ਕਰਮ ਹੀ "ਗੁਰੁ ਸਤਿਗੁਰ ਕਾ ਜੋ ਸਿਖੁ ਅਖਾਏ"‡ ਸਮੁੱਚੇ ਸ਼ਬਦ ਅਨੁਸਾਰ ਅੰਮ੍ਰਿਤ ਵੇਲੇ ਉਠ ਕੇ ਨਾਮ ਸਿਮਰਨ ਵਿਚ ਜੁਟਣ ਤੋਂ ਅਰੰਭ ਕੀਤਾ ਹੈ। ਨਾਮ ਸਿਮਰਨ ਦੀ ਕਮਾਈ ਦੀ ਘਾਟ ਕਰ ਕੇ ਹੀ ਅਸੀਂ ਸਭ ਹੁੱਜਤਾਂ ਕਰਦੇ ਹਾਂ, ਕਿਉਂਕਿ ਨਾਮ ਦੀ ਕਮਾਈ ਤੋਂ ਬਿਨਾਂ 'ਅੰਮ੍ਰਿਤੁ ਹਰਿ ਕਾ ਨਾਮੁ ਹੈ' ਦਾ ਰਸ ਹੀ ਨਹੀਂ ਮਾਣਿਆ ਜਾ ਸਕਦਾ।

ਆਓ, ਆਪਾਂ ਸਾਰੇ ਗੁਰੂ ਸਾਹਿਬਾਨ ਦੇ ਹੁਕਮਨ ਸਿਰ ਹੁਕਮ 'ਏਕੋ ਨਾਮੁ ਹੁਕਮੁ ਹੈ' ਦੀ ਵੱਧ ਤੋਂ ਵੱਧ ਕਮਾਈ ਕਰੀਏ ਤੇ ਗੁਰਮਤਿ ਨੂੰ ਗੁਰਮਤਿ ਹੀ ਰਹਿਣ ਦੇ ਕੇ ਸਿਰਫ਼ ਉਸ ਤੇ ਚਲਣ ਦੀ ਗੁਰੂ ਪਾਸੋਂ ਸਮਰਥਾ ਪ੍ਰਾਪਤ ਕਰਨ ਲਈ ਅਰਦਾਸਾਂ ਕਰੀਏ।

ਨਾਲ ਲੱਗਦੀ ਇਕ ਹੋਰ ਜ਼ਰੂਰੀ ਬੇਨਤੀ ਹੈ ਕਿ ਆਪਾਂ ਆਪਣੇ ਵਿਚ ਘਰ ਕਰ ਗਈ ਇਕ ਘੋਰ ਮਨਮਤਿ ਤੋਂ ਭੀ ਛੁਟਕਾਰਾ ਪਾਉਣ ਦਾ ਜ਼ੋਰਦਾਰ ਹੰਭਲਾ ਮਾਰੀਏ। ਉਹ ਇਹ ਕਿ ਮਹਾਨ ਗੁਰੂ ਸਾਹਿਬਾਨ ਦੀਆਂ ਬਣਾਉਟੀ ਫ਼ੋਟੋਆਂ, ਜੋ ਸਾਨੂੰ ਸ਼ਬਦ ਦੇ ਪੁਜਾਰੀਆਂ ਨੂੰ ਸ਼ਬਦ ਦੀ ਕਮਾਈ ਤੋਂ ਦੂਰ ਲੈ ਜਾ ਰਹੀਆਂ ਹਨ, ਨੂੰ ਠਲ੍ਹ ਪਾਉਣ ਲਈ ਸਮੂਹ ਮੁਖੀ ਪੰਥਕ ਜਥੇ-ਬੰਦੀਆਂ ਅਤੇ ਸਿੰਘ ਸਭਾਵਾਂ ਰਾਹੀਂ ਜ਼ੋਰ ਪਾ ਕੇ ਤਖ਼ਤ ਸਾਹਿਬਾਨ ਤੋਂ ਹੁਕਮਨਾਮੇ ਜਾਰੀ ਕਰਵਾ ਕੇ ਬੰਦ ਕਰਾਈਏ ਅਤੇ ਸਿਖ ਸੰਗਤਾਂ ਨੂੰ "ਗੁਰ ਮੂਰਤਿ ਗੁਰ-ਸ਼ਬਦ ਹੈ" ਦਾ ਸਿਧਾਂਤ ਦ੍ਰਿੜ੍ਹ ਕਰਵਾਈਏ। ਇਕ ਅਲਾਹ ਦੇ ਪੁਜਾਰੀ ਮੁਸਲਮਾਨਾਂ ਨੂੰ ਤਾਂ ਹਜ਼ਰਤ ਮੁਹੰਮਦ ਸਾਹਿਬ ਤੋਂ ਲੱਗ ਭੱਗ ੧੪੦੦ ਸਾਲ ਦੇ ਸਮੇਂ ਤੱਕ ਹਜ਼ਰਤ ਸਾਹਿਬ ਦੀ ਫ਼ੋਟੋ ਬਣਾਉਣ ਦੀ ਕੋਈ ਲੋੜ ਨਹੀਂ ਪਈ ਤਾਂ ਫਿਰ ਸਾਨੂੰ ਇਕ ਅਕਾਲ ਦੇ ਪੁਜਾਰੀਆਂ ਨੂੰ ਗੁਰੂ ਸਾਹਿਬਾਨ ਦੀਆਂ ਫੋਟੋਆਂ ਬਣਾਉਣ ਦੀ ਕੀ ਲੋੜ ਪੈ ਗਈ ਹੈ? ਇਹ ਇਕ ਬੜੀ ਕਮਜ਼ੋਰੀ ਹੈ, ਜੋ ਗੁਰਸਿੱਖੀ ਦੇ ਮਹਲ ਨੂੰ ਢਾਹ ਲਾਉਣ ਤੁਲ ਹੈ। ਇਸ ਨੂੰ ਦੂਰ ਕਰਨਾ ਸਾਰੇ ਪੰਥ ਦਾ ਫ਼ਰਜ਼ ਬਣਦਾ ਹੈ। ਸੋ ਆਓ, ਮੂਰਤੀਆਂ ਫੋਟੋਆਂ ਆਦਿ ਦੀ ਥਾਂ ਸ਼ਬਦ ਨਾਲ ਜੁੜ ਕੇ ਇਸ ਦੀ ਕਮਾਈ ਕਰੀਏ ਅਤੇ ਸਹੀ ਅਰਥਾਂ ਵਿਚ ਗੁਰਮਤਿ ਤੇ ਚਲ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

---

* ਸਲੋਕ ਮ: ੩. ਪੰਨਾ ੧੨੯੩ ‡ ਮ: ੪. ਪੰਨਾ ੩੦੫

---

## ਸੂਰਾ ਦੇ ਪਰਦੇਸੀ ਚੰਦੇ

ਪਿਛੇ ਜਿਹੇ ਦੇਸ ਲਈ ਚੰਦੇ ਵਧਾਏ ਗਏ ਸਨ, ਪਰ ਪਰਦੇਸ ਦੇ ਚੰਦੇ ਉਹੋ ਰਹਿਣ ਦਿਤੇ ਸਨ। ਖ਼ਰਚੇ ਪੂਰੇ ਨਹੀਂ ਹੋ ਰਹੇ, ਇਸ ਲਈ ਪਰਦੇਸੀ ਚੰਦੇ ਹੇਠ ਲਿਖੇ ਅਨੁਸਾਰ ਵਧਾਏ ਜਾ ਰਹੇ ਹਨ—

Sea Mail 50-00 Air Mail 150-00

ਸਮੁੰਦਰੀ ਡਾਕ ੫੦-੦੦, ਹਵਾਈ ਡਾਕ www.AKJ.Org ਗਾਨਤੀ ਲਾਈਫ਼ ਮੈਂਬਰ ੫੦੦-੦੦, ੧੫੦੦-੦੦

# ਸ਼ਬਦ-ਗੁਰੂ ਸਿਧਾਂਤ ਤੇ ਦੇਹਧਾਰੀ ਗੁਰੂ

ਸ਼ਬਦ ਗੁਰੂ ਨੂੰ ਸਮਝਣ ਵਾਸਤੇ ਸਾਨੂੰ ਗੁਰਬਾਣੀ ਤੋਂ ਸੇਧ ਲੈਣੀ ਜ਼ਰੂਰੀ ਹੈ। ਗੁਰਬਾਣੀ ਵਿੱਚ ਕਈ ਥਾਂ ਗੁਰੂ ਦੀ ਜ਼ਰੂਰਤ ਦੱਸੀ ਗਈ ਹੈ, ਜਿਵੇ :–

ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅੰਧਾਰ ॥੨॥੧॥ (ਮ: ੨, ਪੰਨਾ ੪੬੩)

ਕਈ ਵਾਰੀ ਅਸਲੀ ਚੀਜ਼ ਦੇ ਪੈਦਾ ਹੋਣ ਤੋਂ ਪਹਿਲਾਂ ਨਕਲੀ ਚੀਜ਼ ਪੈਦਾ ਹੋ ਜਾਂਦੀ ਹੈ। ਗੁਰੂ ਸਾਹਿਬਾਂ ਦੇ ਵੇਲੇ ਤੋਂ ਨਾਲ-ਨਾਲ ਦੰਭੀ ਪਖੰਡੀ ਗੁਰੂਆਂ ਦੀ ਭਰਮਾਰ ਰਹੀ ਹੈ। ਅੱਜ ਕਲ੍ਹ ਦੇ ਦੰਭੀ ਤੇ ਪਖੰਡੀ ਗੁਰੂ ਇਸ ਗੱਲ ਦਾ ਪਰਚਾਰ ਕਰ ਰਹੇ ਹਨ ਕਿ ਦੇਹਧਾਰੀ ਗੁਰੂ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਅਤੇ ਗੁਰਬਾਣੀ ਵਿਚੋਂ ਮਨ-ਭਾਉਂਦੀਆਂ ਤੁਕਾਂ, ਜਿਨ੍ਹਾਂ ਵਿੱਚ ਗੁਰੂ ਸ਼ਬਦ ਆਉਂਦਾ ਹੈ, ਦੇ ਅਰਥ ਦੇਹਧਾਰੀ ਗੁਰੂ ਕਰ ਕੇ ਸਿੱਖ-ਸੰਗਤਾਂ ਨੂੰ ਟਪਲਾਉਣ ਦਾ ਜਤਨ ਕਰਦੇ ਹਨ। ਪਰ ਜੇ ਗੁਰਬਾਣੀ ਦੇ ਅਰਥਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਪਤਾ ਲਗੇਗਾ ਕਿ ਦੇਹ ਨੂੰ ਕਿਤੇ ਵੀ ਗੁਰੂ ਨਹੀਂ ਦਸਿਆ ਗਿਆ, ਕਿਉਂਕਿ ਦੇਹ ਤਾਂ ਨਾਸਵਾਨ ਤੱਤਾਂ ਤੋਂ ਬਣੀ ਹੋਈ ਹੈ, ਫਿਰ ਇਹ ਗੁਰੂ ਕਿਵੇਂ ਹੋ ਸਕਦੀ ਹੈ। ਗੁਰੂ ਤਾਂ ਬ੍ਰਹਮ ਸ਼ਬਦ ਹੈ, ਜੋ ਗੁਰੂ ਸ਼ਬਦ ਰਾਹੀਂ ਸਾਡੀ ਸਮਝ ਪਿਆ ਹੈ, ਉਸ ਸ਼ਬਦ ਨੂੰ ਗੁਰਬਾਣੀ ਕਿਹਾ ਗਿਆ। ਗੁਰੂ ਸਾਹਿਬ ਦਾ ਫ਼ੁਰਮਾਨ ਹੈ :–

ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥੩॥੩੭॥ (ਪੰਨਾ ੨੭-੨੮)

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਚਲ ਵਟਾਲੇ ਸਿੱਧਾਂ ਨੇ ਪੁਛਿਆ ਕਿ ਉਹਨਾਂ ਦਾ ਗੁਰੂ ਕੌਣ ਹੈ :–

ਕਵਣੁ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥
ਕਵਣ ਕਥਾ ਰਹਹੁ ਨਿਰਾਲੇ ॥੪੩॥ (ਪੰਨਾ ੯੪੨)

ਤਾਂ ਗੁਰੂ ਜੀ ਦਾ ਉਤਰ ਸੀ :–

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੈ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥੪੪॥ (ਪੰਨਾ ੯੪੩)

ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਗੁਰੂ ਦਾ ਸ਼ਬਦ ਹੀ ਮਨ ਨੂੰ ਸਥਿਰ ਅਵਸਥਾ ਵਿਚ ਰੱਖਣ ਦੇ ਯੋਗ ਹੈ, ਗੁਰੂ ਦੇ ਸ਼ਬਦ ਤੋਂ ਬਿਨਾਂ ਮਨੁਖ ਕਮਲਾ ਹੋ ਜਾਂਦਾ ਹੈ :–

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥੮॥੧॥ (ਪੰਨਾ ੬੩੫)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੋਈ ਦੇਹਧਾਰੀ ਗੁਰੂ ਧਾਰਨ ਨਹੀਂ ਕੀਤਾ। ਆਪ ਤਾਂ ਨਿਰੰਕਾਰ ਦਾ ਸਰੂਪ ਸਨ। ਜਿਵੇਂ ਗੁਰਬਾਣੀ ਵਿਚ 'ਕੀਰਤ' ਭਟ ਦੁਆਰਾ ਫ਼ੁਰਮਾਨ ਹੈ–

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥੨॥੧੬॥ (ਪੰਨਾ ੧੩੯੫)

ਆਪ ਧੁਰ ਦਰਗਾਹੋਂ ਜੋ ਸ਼ਬਦ ਲੈ ਕੇ ਆਏ, ਉਸਦਾ ਪਰਚਾਰ ਆਪ ਨੇ ਕੀਤਾ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਸ਼ਬਦ-ਗੁਰੂ ਹੋਣ ਦਾ ਸੰਕੇਤ ਦੇਂਦੇ ਹਨ–

ਗੁਰ ਮੂਰਤਿ 'ਗੁਰ ਸ਼ਬਦਿ' ਹੈ ਸਾਧ ਸੰਗਤ ਵਿਚਿ ਪ੍ਰਗਟੀ ਆਇਆ ॥ (ਵਾਰ ੨੪-੨੫)
ਗੁਰ ਮੂਰਤਿ ਪੂਰਨ ਬ੍ਰਹਮੁ ਅਬਿਗਤਿ ਅਬਿਨਾਸੀ ॥ ਪਾਰਬ੍ਰਹਮ ਗੁਰ ਸਬਦੁ ਹੈ ਸਤਿਸੰਗ ਨਿਵਾਸੀ ॥
(ਵਾਰ ੯–੧)

ਸਬਦੁ ਗੁਰੂ ਗੁਰੂ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ ॥ ਵਾਰ ੭-੨੦)

ਗੁਰੂ ਰਾਮਦਾਸ ਜੀ ਦਾ ਫ਼ੁਰਮਾਨ ਹੈ :


www.AKJ.Org

ਬਾਣੀ ਗੁਰੂ,. ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥
ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥ (ਪੰਨਾ ੯੮੨)

ਸੋ ਇਹਨਾਂ ਗੁਰਬਾਣੀ ਦੀਆਂ ਤੁਕਾਂ ਤੋਂ ਸ਼ਬਦ ਗੁਰੂ ਹੋਣ ਦਾ ਪ੍ਰਤੱਖ ਸਬੂਤ ਮਿਲ ਜਾਂਦਾ ਹੈ । ਪਰ ਦੇਹਧਾਰੀ ਗੁਰੂ-ਡੰਮ ਦੇ ਹਾਮੀ ਇਹ ਗੱਲ ਕਹਿੰਦੇ ਹਨ, ਗੁਰੂ ਗ੍ਰੰਥ ਸਾਹਿਬ ਪੋਥੀ ਹੈ, ਇਹ ਬੋਲਦਾ ਨਹੀਂ, ਆਪ ਪੜ੍ਹੇ ਹੋਈਏ ਤਾਂ ਪਾਠ ਕਰ ਸਕਦੇ ਹਾਂ, ਅਨਪੜ੍ਹ ਆਦਮੀ ਨੂੰ ਕੋਈ ਪੜ੍ਹ ਕੇ ਸੁਣਾਵੇ ਤਾਂ ਕੁਝ ਸਮਝ ਆਉਂਦੀ ਹੈ । ਦੇਹਧਾਰੀ ਗੁਰੂ ਆਪ ਉਪਦੇਸ਼ ਕਰਦਾ ਹੈ ਇਸ, ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਨਹੀਂ ਹੋ ਸਕਦੇ ।

'ਸ਼ਬਦ' ਇਕ ਇਹੋ ਜਿਹੀ ਵਸਤੂ ਹੈ ਜਿਸ ਦੇ ਵੇਖਣ, ਪੜ੍ਹਨ ਅਤੇ ਸੁਣਨ ਨਾਲ ਗਿਆਨ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਬਦ-ਸੰਗ੍ਰਹਿ ਹਨ । ਇਸ ਨੂੰ ਅਸੀਂ ਗੁਰੂ ਕਹਿੰਦੇ ਹਾਂ, ਗੁਰੂ ਮੰਨਦੇ ਹਾਂ । ਸਰੀਰ ਤਾਂ ਗੁਰੂ ਨਹੀਂ ਹੋ ਸਕਦੇ ।

ਇਹ ਗੱਲ ਕੌਣ ਕਹਿ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਬੋਲਦੇ ਨਹੀਂ । ਗੁਰੂ ਗ੍ਰੰਥ ਸਾਹਿਬ ਦੀ ਅਵਾਜ਼ ਅੱਖਾਂ ਰਾਹੀਂ ਅੰਦਰ ਪੁਜਦੀ ਹੈ । ਜਿਹੋ ਜਿਹੀ ਅੱਖ ਗਿਆਨ ਦਿੰਦੀ ਹੈ ਉਹੋ ਜਿਹੇ ਕੰਨ ਹਨ, ਫਿਰ ਫ਼ਰਕ ਕੀ ਹੋਇਆ । ਕੋਈ ਜ਼ਰੂਰੀ ਨਹੀਂ ਕਿ ਗਿਆਨ ਮੂੰਹੋਂ ਬੋਲਣ ਨਾਲ ਹੋ ਸਕਦਾ ਹੈ । ਸਮਝ ਲਉ ਆਪਾਂ ਜੀ. ਟੀ. ਰੋਡ ਦੇ ਉਪਰ ਜਾ ਰਹੇ ਹਾਂ, ਹਰ ਸ਼ਹਿਰ ਬਾਰੇ ਲਿਖਿਆ ਹੁੰਦਾ ਹੈ ਕਿ ਇਥੋਂ ਕਿੰਨੀ ਦੂਰ ਹੈ, ਚੁਰਸੱਤੇ ਵਿੱਚ ਬੋਰਡ ਲੱਗੇ ਹੁੰਦੇ ਹਨ, ਫਲਾਣਾ ਸ਼ਹਿਰ ਇਸ ਪਾਸੇ ਹੈ, ਅਨਜਾਣ ਆਦਮੀ ਉਸੇ ਪਾਸੇ ਪੜ੍ਹ ਕੇ ਚਲਿਆ ਜਾਂਦਾ ਹੈ । ਹੁਣ ਦਸੋ ਬੋਰਡ ਬੋਲਦਾ ਹੈ ? ਇਸੇ ਤਰ੍ਹਾਂ ਗੁਰਸਿੱਖ ਵੀ ਗੁਰਬਾਣੀ ਪੜ੍ਹ ਕੇ ਉਸ ਅਨੁਸਾਰ ਆਪਣਾ ਜੀਵਨ ਬਣਾ ਲੈਂਦਾ ਹੈ ਅਤੇ ਪ੍ਰਮਾਤਮਾ ਨੂੰ ਪਾ ਲੈਂਦਾ ਹੈ ।

ਗੁਰਬਾਣੀ ਨੂੰ ਪੜ੍ਹ ਕੇ ਜਾ ਵਿਆਖਿਆ ਕਰ ਕੇ ਸੁਣਾਉਣ ਵਾਲਾ ਗੁਰੂ ਨਹੀਂ ਹੋ ਸਕਦਾ, ਚੰਗਾ ਗੁਰਸਿਖ ਜਾਂ ਗਿਆਨੀ ਹੋ ਸਕਦਾ ਹੈ । ਜਿਵੇਂ ਕਿ ਇਕ ਅਨਪੜ੍ਹ ਔਰਤ ਹੈ । ਉਸਦਾ ਵਿਦੇਸ਼ ਗਿਆ ਪਤੀ ਉਸਨੂੰ ਚਿੱਠੀ ਘੱਲਦਾ ਹੈ । ਉਸਨੂੰ ਚਿੱਠੀ ਦੀ ਖੁਸ਼ੀ ਹੁੰਦੀ ਹੈ, ਪਰ ਪੜ੍ਹ ਨਹੀਂ ਸਕਦੀ । ਹੁਣ ਉਹ ਕਿਸੇ ਪੜ੍ਹੇ ਆਦਮੀ ਕੋਲ ਚਿੱਠੀ ਲੈ ਜਾਂਦੀ ਹੈ। ਉਹ ਆਦਮੀ ਪੜ੍ਹ ਕੇ ਸਾਰਾ ਹਾਲ ਸੁਣਾ ਦੇਂਦਾ ਹੈ । ਚਿੱਠੀ ਦੇ ਅਰੰਭ ਵਿੱਚ ਲਿਖਿਆ ਹੋਇਆ ਹੈ, 'ਮੇਰੀ ਪਿਆਰੀ ਪਤਨੀ !' ਪਰ ਜੇ ਚਿੱਠੀ ਪੜ੍ਹਨ ਵਾਲਾ ਇਹ ਸਮਝ ਬਠ ਕਿ ਮੈਂ ਹੀ ਇਸਦਾ ਪਤੀ ਹਾਂ, ਉਸਦੀ ਕਿੰਨੀ ਵੱਡੀ ਮੂਰਖਤਾ ਹੈ, ਇਸੇ ਤਰ੍ਹਾਂ ਗੁਰਬਾਣੀ ਨੂੰ ਪੜ੍ਹ ਕੇ ਸੁਣਾਉਣ ਵਾਲਾ ਗੁਰੂ ਨਹੀਂ ਹੋ ਸਕਦਾ ।

ਕੁਝ ਲੋਕਾਂ ਦੇ ਇਹ ਜਵਾਬ ਕਿ ਗੁਰਬਾਣੀ ਦੇ ਅਰਥ ਕੌਣ ਦੱਸੇ, ਇਸ ਲਈ ਗੁਰੂ ਦੀ ਜ਼ਰੂਰਤ ਹੈ । ਇਸ ਦੇ ਉਤਰ ਵਿਚ ਬਿਨੈ ਹੈ ਕਿ ਸਕੂਲਾਂ ਵਿਚ ਟੀਚਰ ਵੱਡੇ-ਵੱਡੇ ਖੋਜੀਆਂ ਦੇ ਕੱਢੇ ਅਸੂਲ ਮੁੰਡਿਆਂ ਨੂੰ ਦਸਦੇ ਹਨ, ਪਰ ਉਹ ਆਪ ਉਸ ਪਦਵੀ ਦਾ ਦਾਅਵਾ ਨਹੀਂ ਕਰਦੇ । ਜਿਨ੍ਹਾਂ ਦੇ ਰਾਹੀਂ ਬਾਣੀ ਪ੍ਰਗਟ ਹੋਈ ਗੁਰੂ ਉਹ ਹਨ, ਜਿਹੜੇ ਅਰਥ ਕਰਕੇ ਦਸਦੇ ਹਨ, ਕਦੇ ਵੀ ਗੁਰੂ ਨਹੀਂ ਹੋ ਸਕਦੇ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸ਼ਬਦ ਰੂਪੀ ਗੁਰੂ ਹਨ, ਦੇਹਧਾਰੀ ਕਦੇ ਵੀ ਗੁਰੂ ਨਹੀਂ ਹੋ ਸਕਦਾ ।

[ਡਾ: ਬਰਜਿੰਦਰ ਸਿੰਘ ਪੰਜਵੜ ਕਨਵੀਨਰ ਸਿਖ ਸਟੂਡੈਂਟਸ ਫੈਡਰੇਸ਼ਨ ਵਲੋਂ ਛਪੇ ਟ੍ਰੈਕਟ ਵਿਚੋਂ]

---

**ਪਾਠਕ ਜੀ—**(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ । ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ ।

੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ ।

੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ ।

੪) ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ ।

੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ


www.AKJ.Org

# ਮਾਡਲ ਟੈਸਟ ਪੇਪਰ ਸ੍ਰੀ ਰਹਰਾਸਿ

ਨੋਟ:—'ਸੂਰਾ' ਸਤੰਬਰ ੧੯੯੦ ਵਿਚ ਗੁਰਬਾਣੀ ਥਰੈਪੀ ਟ੍ਰਸਟ ਅੰਮ੍ਰਿਤਸਰ ਵਲੋਂ ਗੁਰਬਾਣੀ ਸਾਧਨਾ ਸਕੀਮ ਹਠ ਤਿਆਰ ਕਰਵਾਏ ਗਏ ਸ੍ਰੀ ਅਨੰਦੁ ਸਾਹਿਬ ਦੇ ਮਾਡਲ ਟੈਸਟ ਪੇਪਰ ਛਾਪੇ ਗਏ ਸਨ, ਐਤਕੀ ਸ੍ਰੀ ਰਹਰਾਸਿ ਸਾਹਿਬ ਦੇ ਛਾਪੇ ਜਾ ਰਹੇ ਹਨ। ਇਨ੍ਹਾਂ ਦੀ ਪ੍ਰੀਖਿਆ ੭-੧੦-੯੦ ਨੂੰ ਹੋ ਰਹੀ ਹੈ। —ਸੰਪਾਦਕ

੧. ਪ੍ਰਸ਼ਨ:–'ਸ੍ਰੀ ਰਹਰਾਸਿ' ਦੀ ਬਣਤਰ ਬਾਰੇ ਦਸੋ।

ਉਤਰ:–'ਸ੍ਰੀ ਰਹਰਾਸਿ' ਦੀ ਪ੍ਰਚਲਤ ਬਣਤਰ ਇਸ ਪ੍ਰਕਾਰ ਹੈ :–

(ੳ) ਸੋ ਦਰੁ ੫ ਸ਼ਬਦ–(੧) ਸੋ ਦਰੁ ਤੇਰਾ ਕੇਹਾ...। (੨) ਸੁਣਿ ਵਡਾ ਆਖੈ..। (੩) ਆਖਾ ਜੀਵਾ ਵਿਸਰੈ ..। (੪) ਹਰਿ ਕੇ ਜਨ ਸਤਿਗੁਰ...। (੫) ਕਾਹੇ ਰੇ ਮਨ...।

(ਅ) ਸੋ ਪੁਰਖੁ ੪ ਸ਼ਬਦ–(੧) ਸੋ ਪੁਰਖੁ ਨਿਰੰਜਨੁ ..। (੨) ਤੂ ਕਰਤਾ ਸਚਿਆਰੁ...। (੩) ਤਿਤੁ ਸਰਵਰੜੈ ..। (੪) ਭਈ ਪਰਾਪਤਿ ।

(ੲ) ਬੇਨਤੀ ਚੌਪਈ–ਸਵਯੇ ਅਤੇ ਦੋਹਰੇ ਸਮੇਤ।

(ਸ) ਸ੍ਰੀ ਅਨੰਦੁ ਸਾਹਿਬ (ਪਹਿਲੀਆਂ ਪੰਜ ਪਉੜੀਆਂ ਅਤੇ ਅੰਤਲੀ ਪਉੜੀ)।

(ਹ) ਫੁਟਕਲ ਸ਼ਬਦ (ਗਿਣਤੀ ਬਾਰੇ ਵਖੇਵਾਂ ਹੈ)।

ਨੋਟ :–'ਸੋ ਦਰੁ' ਗਾਉਣ ਲਗਿਆਂ ਗੁਰ-ਅਸਥਾਨਾਂ ਤੇ ਪਹਿਲਾਂ "ਹਰਿ ਜੁਗ ਜੁਗ ਭਗਤ ਉਪਾਇਆ" ਵਾਲੇ ਛੰਤ ਦਾ ਇਕ ਪਦਾ (ਚਾਰ ਤੁਕਾਂ) ਪੜ੍ਹ ਕੇ ਫਿਰ 'ਦੁਖ ਦਾਰੂ ਸੁਖੁ ਰੋਗੁ ਭਇਆ..." ਵਾਲਾ ਸਲੋਕ ਪੜ੍ਹਿਆ ਜਾਂਦਾ ਹੈ।

੨. ਪ੍ਰਸ਼ਨ :–'ਸ੍ਰੀ ਰਹਰਾਸਿ' ਦਾ ਖਾਲਸਾ ਰਹਿਤ ਨਾਲ ਕੀ ਸੰਬੰਧ ਹੈ ?

ਉਤਰ :–'ਸ੍ਰੀ ਰਹਰਾਸਿ' ਗੁਰਸਿਖਾਂ ਦੇ ਨਿਤਨੇਮ ਦੀ ਬਾਣੀ ਹੈ, ਜਿਸਦਾ ਪਾਠ ਹਰ ਰੋਜ਼ ਸਾਮ ਨੂੰ ਕੀਤੇ ਜਾਣ ਦਾ ਹੁਕਮ ਹੈ।

੩. ਪ੍ਰਸ਼ਨ :–'ਸੋ ਦਰੁ' ਕੇਹਾ ਹੈ ਅਤੇ ਕਿਥੇ ਹੈ ?

ਉਤਰ :–'ਸੋ ਦਰੁ' ਦਾ ਅਰਥ ਹੈ 'ਉਹ ਦਰਬਾਰੁ'। ਪਾਰਬ੍ਰਹਮ ਆਪ ਅਦਭੁਤ ਅਤੇ ਅਸਚਰਜ ਹੈ, ਉਸਦਾ ਦਰਬਾਰ ਵੀ ਅਦਭੁਤ ਅਤੇ ਅਸਚਰਜ ਹੈ। ਅਸਚਰਜ ਸਦਾ ਅਕੱਥ ਹੋਇਆ ਕਰਦਾ ਹੈ। ਪਾਰਬ੍ਰਹਮ ਵਾਂਗ ਉਸਦਾ 'ਸੋ ਦਰੁ' ਵੀ ਸਰਬ-ਕਾਲੀ ਅਤੇ ਸਰਬ-ਦੇਸੀ ਹੈ, ਪਰ ਦਿਸੇ ਤਾਂ ਜੇ ਕਿਸੇ ਦੀ ਦਿਬ-ਦ੍ਰਿਸ਼ਟਿ ਖੁਲ੍ਹੀ ਹੋਵੇ। ਪਾਰਬ੍ਰਹਮ ਨਾਲ ਅੰਤਰ-ਆਤਮੇ ਇਕ-ਸੁਰ ਹੋਣ ਤੇ 'ਸੋ ਦਰੁ' ਗੁਪਤੋਂ ਪਰੰਗਟ ਹੋ ਆਉਂਦਾ ਹੈ। 'ਸੋ ਦਰੁ' ਪਰਗਟ ਹੋਣ ਦਾ ਪ੍ਰਮੁਖ ਚਿੰਨ੍ਹ ਇਹ ਹੈ ਕਿ ਸਾਰੀ ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ ਪਰਕਿਰਤੀ (ਕੁਦਰਤਿ) ਕਰਣਹਾਰ ਨੂੰ ਗਾ ਰਹੀ ਪਰਤੀਤ ਹੁੰਦੀ ਹੈ।

੪. ਪ੍ਰਸ਼ਨ:–'ਸ੍ਰੀ ਰਹਰਾਸਿ' ਅਨੁਸਾਰ ਮਨੁਖਾ ਜਨਮ ਧਾਰਨ ਦਾ ਕੀ ਪ੍ਰਯੋਜਨ ਹੈ ? ਪ੍ਰਯੋਜਨ-ਸਿਧੀ ਕਿਵੇਂ ਹੋਵੇ ?

ਉਤਰ:–(ੳ) **ਪ੍ਰਯੋਜਨ**–ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥੧,੪॥

(ਅ) **ਪ੍ਰਯੋਜਨ-ਸਿਧੀ**–ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧,੪॥

੫. ਪ੍ਰਸ਼ਨ :–ਸ੍ਰੀ ਰਹਰਾਸਿ ਵਿਚੋਂ ਦੁਖਾਂ ਰੋਗਾਂ ਦੀ ਨਵਿਰਤੀ ਤੇ ਸੁਖਾਂ ਦੀ ਪ੍ਰਾਪਤੀ ਵਾਲੀਆਂ ਪੰਗਤੀਆਂ ਲਿਖੋ।

ਉਤਰ :–**ਦੁਖਾਂ ਰੋਗਾਂ ਦੀ ਨਵਿਰਤੀ**–

(ੳ) ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧,੩॥

(ਅ) ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ।੧,੧॥

(ੲ) ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥੩,੧॥


www.AKJ.Org

(ਸ) ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥੩,੧॥

**ਸੁਖਾਂ ਦੀ ਪ੍ਰਾਪਤੀ–**

(ੳ) ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ ॥੩,੨॥

(ਅ) ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥੩,੧॥

੬. ਪ੍ਰਸ਼ਨ :–ਹੇਠ ਲਿਖੀਆਂ ਪੁਛਾਂ ਦੇ ਉਤਰ ਸ੍ਰੀ ਰਹਰਾਸਿ ਸਾਹਿਬ ਦੇ ਅਧਾਰ ਤੇ ਦਿਓ :–

(ੳ) ਵਡੇ ਸਾਹਿਬ ਦੀਆਂ ਪਰਕਿਰਤਕ ਦਾਤਾਂ ਵਿਚੋਂ ਕਿਸੇ ਵਡੀ ਦਾਤਿ ਦਾ ਵਰਨਣ ਕਰੋ। (ਅ) ਸਾਰ ਜੀਵ-ਜੰਤੂਆਂ ਨੂੰ ਸਵਾਰਨ ਵਾਲੀ ਕਿਹੜੀ ਪਰਮ-ਸ਼ਕਤੀ ਹੈ? (ੲ) ਜੀਵਨ ਕੀ ਹੈ? ਮੌਤ ਕੀ ਹੈ? (ਸ) ਖਸਮ ਪ੍ਰਭੂ ਅਤੇ ਉਸ ਦੇ ਨਾਮ ਨੂੰ ਵਿਸਾਰ ਦੇਣ ਵਾਲਿਆਂ ਲਈ ਕਿਹੜੀ ਫਿਟਕਾਰ ਹੈ? (ਹ) ਵਡੇ ਭਾਗਾਂ ਦੀ ਕੀ ਨਿਸ਼ਾਨੀ ਹੈ? (ਕ) ਜਿਨ੍ਹਾਂ ਨੂੰ ਨਾਮ-ਰਸ ਪ੍ਰਾਪਤ ਨਹੀਂ ਹੋਇਆ, ਉਹਨਾ ਦਾ ਕੀ ਬਣੂ? (ਖ) ਹਰਿ-ਰਸ ਕਿਥੋਂ ਪ੍ਰਾਪਤ ਹੁੰਦਾ ਹੈ? (ਗ) ਸੰਸਾਰ-ਸਾਗਰ ਤੋਂ ਤਰਿਆ ਕਿਸ ਨੂੰ ਜਾਣੀਏ? (ਘ) ਗੁਣ ਪਰਗਾਸਦੇ ਕਿਵੇਂ ਹਨ ਅਤੇ ਗਲਦੇ ਕਿਵੇਂ ਹਨ?

ਉਤਰ:–(ੳ) ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥੪,੩॥

(ਅ) ਨਾਨਕ ਸਚੁ ਸਵਾਰਣਹਾਰਾ ॥੪,੨॥ (ੲ) ਆਖਾ ਜੀਵਾ ਵਿਸਰੈ ਮਰਿ ਜਾਉ ॥੧,੩॥

(ਸ) ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪,੩॥

(ਹ) ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥੨,੪॥

(ਕ) ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥੩,੪॥

(ਖ) ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪,੪॥

(ਗ) ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥ਰਹਾਉ,੫॥

(ਘ) ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨,੪॥
ਮਨ ਏਕੁ ਨ ਚੇਤਸਿ ਮੂੜ ਮਨਾ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥ਰਹਾਉ,੩॥

੭. ਪ੍ਰਸ਼ਨ :–ਔਖੇ ਪਦਾਂ ਦੇ ਅਰਥ ਲਿਖੋ।

ਉਤਰ :–ਮਛੁ–ਮਾਤ ਲੋਕ। ਨਾਈ–ਵਡਿਆਈ। ਗਹੀਰਾ-ਡੂੰਘਾ ਸਮੁੰਦਰ। ਚੀਰਾ–ਵਿਸਥਾਰ। ਕਮਜਾਤਿ–ਨੀਵੀਂ ਜਾਤੀ ਵਾਲਾ। ਵਿਡਾਣਾ–ਅਸਚਰਜ। ਕਿਰਮ–ਕੀੜੇ। ਰਹਰਾਸਿ–ਰਹੁ-ਰੀਤਾਂ। ਕਰ ਤਲ-ਹਥਾਂ ਦੀ ਤਲੀ। ਨਿਰਤਰਿ–ਇਕ-ਰਸ। ਭੁਗਤਾ-ਭੋਗਣ ਵਾਲਾ। ਕਾਸਟਿ–ਕਾਠ, ਲਕੜ। ਸਨਾਤਿ–ਸਾਂਸੀ, ਨੀਵੀਂ ਜਾਤਿ। ਜਨਨਿ–ਜਨਨੀ, ਮਾਤਾ। ਸੁਤ–ਪੁਤਰ। ਬਨਿਤਾ-ਇਸਤ੍ਰੀ, ਵਹੁਟੀ। ਧਰਿਆ–ਆਸਰਾ। ਸੰਬਾਹੇ–ਅਪੜਾਂਦਾ ਹੈ। ਭੋਗੁ–ਭੰਡਾਰਾ।

੮. ਪ੍ਰਸ਼ਨ–ਸ੍ਰੀ ਰਹਰਾਸਿ ਵਿਚ ਕਿਹੜੇ ਵਿਲੱਖਣ ਸਰੋਵਰ ਦਾ ਵਰਨਣ ਹੈ? ਅਤੇ ਉਸ ਦੇ ਕੀ ਲਛਣ ਹਨ?

ਉਤਰ–**ਸਰੋਵਰ-ਸੰਸਾਰ ਸਾਗਰ**–ਸੰਸਾਰ ਸਾਗਰ ਮਾਨੋ ਇਕ ਸਰੋਵਰ ਹੈ, ਜਿਥੇ ਮਨੁਖ ਦਾ ਵਾਸਾ ਹੋਇਆ ਹੈ:–

ਤਿਤੁ ਸਰਵਰੜੈ ਭਈਲੇ ਨਿਵਾਸਾ...॥੧,੩॥

**ਸੰਸਾਰ-ਸਰੋਵਰ ਦੇ ਲਛਣ :–**

(ੳ) ਸੰਸਾਰ-ਸਰੋਵਰ ਵਿਚ ਪਾਣੀ ਦੀ ਥਾਵੇਂ ਕਰਤਾ ਪੁਰਖ ਨੇ ਤ੍ਰਿਸ਼ਨਾ ਰੂਪੀ ਅੱਗ ਪਾਈ ਹੈ :–
ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥੧,੩॥

(ਅ) ਜਿਵੇਂ ਪਾਣੀ ਵਿਚ ਚਿਕੜ ਹੁੰਦਾ ਹੈ, ਸੰਸਾਰ-ਸਰੋਵਰ ਵਿਚ ਪਰਵਾਰ ਦਾ ਅਤੇ ਮਾਇਕੀ ਪਦਾਰਥਾਂ ਦਾ ਮੋਹ ਮਾਨੋ ਚਿੱਕੜ ਹੈ, ਜਿਸ ਵਿਚ ਫਸਿਆ ਮਨੁਖ ਹਿਲ ਜੁਲ ਨਹੀਂ ਸਕਦਾ :–
ਪੰਕਜੁ ਮੋਹ ਪਗ ਨਹੀ ਚਾਲੈ...॥੧,੩॥


www.AKJ.Org

(ਦ) ਸੰਸਾਰ-ਸਰੋਵਰ ਵਿਚ ਪਾਣੀ (ਤ੍ਰਿਸ਼ਨਾ-ਜਲ) ਅਥਾਹ ਹੈ ਜਿਸ ਵਿਚ ਅਨੇਕ ਜੀਵ ਡੁਬਦੇ ਦੇਖੀਦੇ ਹਨ:-

......ਹਮ ਦੇਖਾ ਤਹ ਡੂਬੀਅਲੇ ॥੧,੩॥

੯. ਪ੍ਰਸ਼ਨ—ਹੇਠ ਲਿਖੀਆਂ ਪੰਗਤੀਆਂ ਦੇ ਅਰਥ ਲਿਖੋ :-

(ੳ) ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩,੩॥

(ਅ) ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧,੫॥

(ੲ) ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩,੫॥

ਉਤਰ-(ੳ) (ਉਸ ਵਡੇ ਸਾਹਿਬ ਦੀ) ਖ਼ੂਬੀ ਇਹ ਹੈ ਕਿ (ਉਸ ਵਰਗਾ) ਹੋਰ ਕੋਈ ਨਹੀਂ। ਨਾ ਕੋਈ (ਅਜ਼ ਤਕ) ਹੋਇਆ ਹੈ, ਨਾ (ਅਗੋਂ) ਹੋਵੇਗਾ।

(ਅ) ਹੇ ਮਨ, ਜਦੋਂ ਰਾਜ਼ਕ ਰਹੀਮ ਪ੍ਰਭੂ ਆਪ (ਰੋਜ਼ੀ ਅਪੜਾਉਣ ਦੇ) ਆਹਰ ਵਿਚ ਲਗ਼ਾ ਹੋਇਆ ਹੈ ਤਾਂ ਤੂੰ ਕਿਉਂ ਭਾਂਤ ਭਾਂਤ ਦਾ ਉਦਮ ਕਰਨ ਲਈ ਚਿਤਵਨੀਆਂ ਕਰਦਾ ਹੈਂ। ਵਾਹਿਗੁਰੂ ਨੇ ਪਹਾੜਾਂ ਪੱਥਰਾਂ ਵਿਚ ਜੀਵ ਜੰਤੂ ਪੈਦਾ ਕੀਤੇ ਹਨ ਤੇ ਉਹਨਾਂ ਦਾ ਰਿਜ਼ਕ ਪਹਿਲਾਂ ਹੀ ਉਥੇ ਪਹੁੰਚਾਇਆ ਹੋਇਆ ਹੈ।

(ੲ) ਕੂੰਜ ਸੈਂਕੜੇ ਕੋਹਾਂ ਦੀ ਉਡਾਨ ਕਰਦੀ ਹੈ। ਉਸ ਨੇ ਪਿਛੇ (ਆਲ੍ਹਣੇ ਵਿਚ) ਬੱਚਿਆਂ ਨੂੰ ਛਡਿਆ ਹੁੰਦਾ ਹੈ। ਭਲਾ ਉਹਨਾਂ ਬੱਚਿਆਂ ਨੂੰ (ਉਸ ਕੂੰਜ ਦੀ ਗ਼ੈਰ-ਹਾਜ਼ਰੀ ਵਿਚ) ਕੌਣ ਖਿਡਾਉਂਦਾ ਹੈ? ਕੌਣ ਚੋਗਾ ਚੁਗਾਉਂਦਾ ਹੈ? ਕੂੰਜ ਨੇ ਆਪਣੇ ਮਨ ਵਿਚ (ਬੱਚਿਆਂ ਦਾ) ਕੇਵਲ ਚਿੰਤਨ ਕੀਤਾ ਹੁੰਦਾ ਹੈ। (ਰੱਬੀ ਪ੍ਰਬੰਧ ਵਿਚ ਕੂੰਜ ਦੇ ਕੇਵਲ ਚਿੰਤਨ ਕਰਨ ਨਾਲ ਉਸਦੇ ਬੱਚਿਆਂ ਦੀ ਪ੍ਰਤਿਪਾਲਨਾ ਹੁੰਦੀ ਰਹਿੰਦੀ ਹੈ)।

੧੦. ਪ੍ਰਸ਼ਨ—ਸ੍ਰੀ ਰਹਰਾਸਿ ਸਾਹਿਬ ਦਾ ਫ਼ੁਰਮਾਨ ਹੈ "ਜੇ ਸਭਿ ਮਿਲਿ ਕੈ ਆਖਣਿ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥" ਫਿਰ ਪ੍ਰਭੂ ਦੀ ਵਡਿਆਈ ਆਖਣ ਦਾ ਕੀ ਲਾਭ?

ਉਤਰ—ਵਡਾ ਸਾਹਿਬ ਆਪਣੀ ਵਡਿਆਈ ਕਰਕੇ ਵਡਾ ਹੈ, ਉਹ ਕਿਸੇ ਦੀ ਵਡਿਆਈ ਦਾ ਮੁਥਾਜ ਨਹੀਂ। ਕੋਈ ਉਸ ਦੀ ਵਡਿਆਈ ਕਰੇ ਜਾਂ ਨਾ ਕਰੇ, ਉਸਨੂੰ ਕੋਈ ਫ਼ਰਕ ਨਹੀਂ ਪੈਂਦਾ। ਹਾਂ, ਪ੍ਰਭੂ ਦੀ ਵਡਿਆਈ ਅਥਵਾ ਸਿਫ਼ਤ-ਸਲਾਹ ਕਰਨ ਨਾਲ ਜੀਵ ਨੂੰ ਆਪਣੇ ਆਪ ਨੂੰ ਲਾਭ ਜ਼ਰੂਰ ਹੁੰਦਾ ਹੈ। ਉਸ ਵਿਚ ਵਡੇ ਸਾਹਿਬ ਦੇ ਗੁਣ ਪ੍ਰਵੇਸ਼ ਕਰ ਜਾਂਦੇ ਹਨ ਅਤੇ ਉਸਦੀ ਜੋਤਿ ਪ੍ਰਭੂ ਜੋਤਿ ਵਿਚ ਮਿਲ ਜਾਂਦੀ ਹੈ, ਉਹ ਵਡੇ ਸਾਹਿਬ ਦਾ ਰੂਪ ਹੀ ਹੋ ਜਾਂਦਾ ਹੈ—

(i) ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧,੨॥

(ii) ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥੩;੧॥

੧੧. ਪ੍ਰਸ਼ਨ—ਹੇਠ ਲਿਖੀਆਂ ਪੰਗਤੀਆਂ ਦਾ ਗੂੜ੍ਹਾ ਭਾਵ ਸਪਸ਼ਟ ਕਰੋ—

ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥
ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥

ਉਤਰ:—ਨਾਮ ਗੁਰੂ ਵਲੋਂ ਬਖ਼ਸ਼ਿਆ ਜੀਅ-ਦਾਨ ਹੈ। ਜਿਨ੍ਹਾਂ ਵਡਭਾਗੇ ਜੀਵਾਂ ਦਾ ਨਾਮ ਵਿਚ ਪਰਚਾ ਪੈ ਜਾਏ, ਨਾਮ ਉਹਨਾਂ ਦਾ ਜੀਵਨ-ਆਸਰਾ ਬਣ ਜਾਂਦਾ ਹੈ, ਉਹ ਨਾਮ ਤੋਂ ਬਿਨਾਂ ਜੀ ਨਹੀਂ ਸਕਦੇ। ਉਹਨਾਂ ਨੂੰ ਹਰ ਵੇਲੇ ਨਾਮ ਦੀ ਭੁਖ ਲਗੀ ਰਹਿੰਦੀ ਹੈ। ਇਸ ਭੁਖ ਲਗਣ ਕਾਰਨ ਉਹ ਨਾਮ-ਭੋਜਨ ਛੱਕਦੇ ਰਹਿੰਦੇ ਹਨ, ਜਿਸ ਸਦਕਾ ਉਹਨਾਂ ਦੇ ਸਾਰੇ ਦੁਖ ਰੋਗ ਖਾਧੇ ਜਾਂਦੇ ਹਨ, ਅਥਵਾ ਨਾਸ਼ ਹੋ ਜਾਂਦੇ ਹਨ। ਪਰ ਜੇ ਕੋਈ ਨਾਮ ਦਾ ਪਾਰਾਵਾਰ ਪਾਉਣਾ ਚਾਹੇ ਤਾਂ ਉੱਕਾ ਹੀ ਸੰਭਵ ਨਹੀਂ। ਨਾਮ ਦਾ ਬਿਆਨ ਕਰ ਸਕਣਾ ਵੀ ਅਸੰਭਵ ਹੈ।

# ਭਗਤੀ ਤੇ ਸ਼ਕਤੀ

[ਪ੍ਰਿੰਸੀਪਲ ਸੁਰਜੀਤ ਸਿੰਘ ਜੀ, ਲੁਧਿਆਣਾ]

ਪ੍ਰਵੇਸ਼ਕਾ–

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਿਰਜਨਾ ਕਰ ਕੇ, ਇਕ ਹੀ ਮਨੁੱਖ ਵਿਚ ਭਗਤੀ ਤੇ ਸ਼ਕਤੀ ਨੂੰ ਐਸੇ ਜੀਉਂਦੇ ਜਾਗਦੇ, ਵਿਹਾਰਕ ਤੇ ਉਜਾਰੂ ਰੂਪ ਵਿਚ ਜੋੜ ਦਿਤਾ ਕਿ ਇਹ ਸੰਗਮ ਸਿੱਖੀ ਦੀ ਜੀਵਨ-ਜਾਚ ਬਣ ਗਿਆ। ਸਿੱਖਾਂ ਵਿਚ ਸੰਤ-ਸਿਪਾਹੀ ਦੀ ਧਾਰਨਾ ਕਰਕੇ ਜਾਣਿਆ ਜਾਂਦਾ ਹੈ, ਦੇਗ ਤੇਗ ਫ਼ਤਹ ਵੀ ਇਸ ਦਾ ਦੂਸਰਾ ਨਾਮ ਹੈ, ਤੇ ਇਸ ਨੂੰ ਸਿੱਖੀ ਦਾ ਸਿਖਰ ਮੰਨਿਆ ਜਾਂਦਾ ਹੈ। ਸਿੱਖਾਂ ਦਾ ਇਹ ਦਾਅਵਾ ਹੈ ਕਿ ਸੰਤ-ਸਿਪਾਹੀ ਦੇ ਰੂਪ ਵਿਚ ਖ਼ਾਲਸਾ, ਗੁਰੂ ਨਾਨਕ ਦੀ ਵਿਚਾਰ-ਧਾਰਾ ਤੇ ਉਨ੍ਹਾਂ ਵਲੋਂ ਧਰਮ ਦੇ ਆਧਾਰ ਉਤੇ ਸ਼ੁਰੂ ਕੀਤੀ ਸਮਾਜ-ਉਸਾਰੀ ਦਾ ਨਾ ਕੇਵਲ ਪਰਤੱਖ ਪ੍ਰਮਾਣ, ਵਿਹਾਰਕ ਰੂਪ ਦੇ ਜ਼ ਹਿਰਾ ਪਛਾਣ ਹੀ ਹੈ, ਸਗੋਂ ਇਹ ਉਨ੍ਹਾਂ ਦੀ ਵਿਚਾਰਧਾਰਾ ਦੀ ਟੀਸੀ ਹੈ, ਉਸ ਦਾ ਚਰਮ ਬਿੰਦੂ ਹੈ।

ਬਦ-ਕਿਸਮਤੀ ਨਾਲ ਕੁਝ ਲੋਕ ਭਗਤੀ ਤੇ ਸ਼ਕਤੀ ਦੇ ਇਸ ਜੋੜ ਦਾ ਆਪਣੀ ਅਧੂਰੀ ਸੋਚ ਕਾਰਨ ਗਲਤ ਅਰਥ ਕਢਦੇ ਹਨ। ਉਹ ਸ਼ਕਤੀ ਨੂੰ ਗੁਰੂ ਨਾਨਕ ਦੇ ਪਿਆਰ ਤੇ ਸਦ-ਭਾਵਨਾ, ਅਮਨ ਤੇ ਸ਼ਾਂਤੀ, ਸਰਬ ਸਾਂਝੇ ਭਰੱਪਣ ਤੇ ਮਨੁੱਖ-ਸਮਾਨਤਾ ਦੇ ਸੰਦੇਸ਼ ਦੇ ਪ੍ਰਤੀਕੂਲ ਤੇ ਉਲਟ ਦਸਦੇ ਹਨ। ਇਹ ਲੋਕ ਸਿੱਖੀ ਰਹਿਤ ਦੇ ਅਤਿ ਜ਼ਰੂਰੀ ਚਿੰਨ੍ਹ 'ਕਿਰਪਾਨ' ਨੂੰ ਕੇਵਲ ਸ਼ਕਤੀ, ਤੇ ਇਸ ਕਰਕੇ ਹਿੰਸਾ ਤੇ ਜਬਰ ਦਾ ਪ੍ਰਤੀਕ ਗਰਦਾਨਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਭਗਤੀ ਮਾਰਗ ਵਿਚ ਕਿਰਪਾਨ ਦੀ ਕੋਈ ਥਾਂ ਨਹੀਂ। ਉਨ੍ਹਾਂ ਦੀ ਦਲੀਲ ਹੈ ਕਿ ਧਰਮ ਦਾ ਮੰਤਵ ਤਾਂ ਹੈ ਪਰਮਾਤਮਾ ਨਾਲ ਪਿਆਰ ਕਰਦਿਆਂ ਹੋਇਆਂ, ਉਸ ਨਾਲ ਇਕ-ਸੁਰ ਹੋ ਕੇ ਅਖੀਰ ਉਸ ਵਿਚ ਸਮਾਅ ਜਾਣਾ। ਪਰਮਾਤਮਾ ਨੇਕੀ ਦਾ ਪ੍ਰਤੀਕ ਹੈ ਤੇ ਚੰਗਿਆਈ ਉਸ ਦਾ ਵਿਹਾਰਕ ਰੂਪ। ਇਹ ਨੇਕੀ ਤੇ ਚੰਗਿਆਈ ਹੀ ਸੇਂਟ ਆਗਸਤੀਨ ਦੇ ਵਿਚਾਰ ਅਨੁਸਾਰ ਮਨੁਖ ਮਾਤਰ ਦਾ ਅਖ਼ੀਰ ਨਿਸ਼ਾਨਾ ਹੈ। ਨੇਕੀ ਤੇ ਚੰਗਿਆਈ ਦੇ ਆਦਰਸ਼ ਤੇ ਧੁਰ ਸਿਖਰ ਪਰਮਾਤਮਾ ਨਾਲ ਇਕ-ਸੁਰਤਾ ਤੇ ਅਖ਼ੀਰ ਮਿਲਾਪ, ਉਸ ਦੇ ਗੁਣਾਂ ਨੂੰ ਗ੍ਰਹਿਣ ਕਰ ਕੇ ਹੀ ਹੋ ਸਕਦਾ ਹੈ। ਇਸ ਨੇਕੀ ਤੇ ਚੰਗਿਆਈ, ਭਾਵ,ਭਗਤੀ ਤੇ ਪਾਰਸਾਈ ਜਾਂ ਪ੍ਰਭੂ ਪਿਆਰ ਦਾ ਸਭ ਤੋਂ ਉਘੜਵਾਂ ਤੇ ਵਿਹਾਰਕ ਰੂਪ, ਉਸ ਦੀ ਸਾਰੀ ਸਿਰਜਨਾ, ਕੁਲ ਕਾਇਨਾਤ ਤੇ ਖ਼ਾਸ ਕਰਕੇ ਸਾਰੀ ਮਨੁਖਤਾ ਨਾਲ ਇਕ-ਸਾਰ ਪਿਆਰ ਹੈ। ਇਸ ਵਿਚ ਸਾਰੇ ਮਨੁਖਾਂ ਨੂੰ ਇਕਸਾਰ ਭਰੱਪਣ ਦੇ ਰੂਪ ਵਿਚ ਪਛਾਣਨਾ ਜ਼ਰੂਰੀ ਹੈ, ਕਿਉਂਕਿ ਘਟ ਘਟ ਵਿਚ ਰਮਿਆ ਹੋਇਆ ਪਰਮਾਤਮਾ ਸਭ ਵਿਚ ਵਸਦਾ ਹੈ ਤੇ ਸਾਰੇ ਉਸੇ ਦਾ ਹੀ ਰੂਪ ਹਨ। ਕੁਲ ਮਨੁਖ-ਮਾਤਰ ਨਾਲ ਇਕ, ਸਾਰ ਪਿਆਰ ਦਾ ਭਾਵ ਹੈ ਮੁਕੰਮਲ ਰੂਪ ਵਿਚ ਨਿਰਵੈਰ ਹੋਣਾ। ਇਸ ਲਈ ਨੇਕੀ ਤੇ ਚੰਗਿਆਈ ਦੇ ਮੁਜੱਸਮੇ —ਪਰਮਾਤਮਾ—ਨਾਲ ਪਿਆਰ ਦਾ ਰਾਹ ਮੁਕੰਮਲ ਰੂਪ ਵਿਚ ਅਮਨ ਤੇ ਸ਼ਾਂਤੀ ਦਾ ਰਾਹ ਹੈ, ਨਿਰਵੈਰ ਹੋਣ ਦਾ ਰਾਹ ਹੈ, ਜਿਸ ਵਿਚ ਸ਼ਕਤੀ ਦੀ ਕੋਈ ਥਾਂ ਨਹੀਂ।

ਇਹ ਲੋਕ ਨੇਕੀ ਤੇ ਚੰਗਿਆਈ ਦੇ ਆਦਰਸ਼ ਪਰਮਾਤਮਾ ਨੂੰ ਸਰਬ-ਸ਼ਕਤੀਮਾਨ ਤਾਂ ਮੰਨਦੇ ਹਨ, ਪਰ ਉਸ ਨਾਲ ਇਕ-ਸੁਰਤਾ ਹਾਸਲ ਕਰਨ ਲਈ, ਉਸ ਦੇ ਸ਼ਕਤੀ ਰੂਪ ਨੂੰ ਮਨ ਵਿਚ ਵਸਾ ਕੇ, ਇਸ ਨੂੰ ਆਪਣੀ ਜ਼ਿੰਦਗੀ ਦਾ ਅੰਗ ਬਨਾਣਾ ਨਹੀਂ ਸਮਝਦੇ। ਇਕ-ਸੁਰਤਾ ਤਾਂ ਪੂਰਨਤਾ ਦੇ ਰਾਹ ਚਲਿਆਂ ਹੀ ਆਉਂਦੀ ਹੈ, ਅਧੂਰੇ ਲਕਸ਼ਾਂ ਨਾਲ ਕਦੀ ਵੀ ਪੂਰਨਤਾ ਤੇ ਇਕ-ਰੂਪਤਾ ਨਹੀਂ ਆ ਸਕਦੀ। ਪਰਮਾਤਮਾ ਦੇ ਇਕ ਅੰਗ ਨਾਲ ਪਿਆਰ ਅਧੂਰਾ ਪਿਆਰ ਹੋਵੇਗਾ, ਅਧੂਰੀ ਭਗਤੀ ਹੋਵੇਗੀ। ਸਮੁਚਤਾ ਤੇ ਰਾਗ-ਮਈ ਸੰਗਠਿਤ ਸਮੁਚਤਾ (Homogeneously integrated unity) ਨੂੰ ਧਿਆਉਣ ਨਾਲ ਹੀ ਭਗਤੀ ਪੂਰਨਤਾ ਦੇ ਰਾਹ ਪਵੇਗੀ ਤੇ ਪਰਵਾਨ ਚੜ੍ਹੇਗੀ। ਪਰਮਾਤਮਾ ਦੀ ਇਸ ਪੂਰਨਤਾ ਦੇ ਨਿਸ਼ਾਨੇ–"ਪੂਰਾ ਪ੍ਰਭੁ ਆਰਾਧਿਆ, ਪੂਰਾ ਜਾ ਕਾ ਨਾਉ" ਨੂੰ ਸਾਹਮਣੇ ਰਖਦਿਆਂ, ਸਿਖ ਭਗਤੀ ਤੇ ਸ਼ਕਤੀ ਨੂੰ ਇਕ ਦੂਸਰੇ ਦੇ ਪ੍ਰਤਿਕੂਲ ਨਹੀਂ ਸਮਝਦੇ, ਸਗੋਂ ਇਨ੍ਹਾਂ ਨੂੰ ਇਕ ਦੂਸਰੇ ਦੇ ਪੂਰਕ



www.AKJ.Org

# ਖ਼ਾਲਸਾ ! ਸੰਭਾਲ ਆਪਣਾ ਵਿਰਸਾ !

[ਭਾਈ ਨਰੈਣ ਸਿੰਘ ਜੀ ਐਮ. ਏ., ਸਕੱਤਰ, ਗੁਰੂ ਨਾਨਕ ਮਿਸ਼ਨ, ਪਟਿਆਲਾ]

ਕਿਸੇ ਸੂਝਵਾਨ ਲੇਖਕ ਨੇ ਠੀਕ ਹੀ ਲਿਖਿਆ ਸੀ ਕਿ ਬ੍ਰਾਹਮਣ ਮਤ ਨੇ **ਬੁਧ ਮਤ** ਨੂੰ ਆਪਣੀ ਪਿਆਰ-ਗਲਵਕੜੀ ਵਿਚ ਲੈ ਕੇ ਉਸ ਨੂੰ ਐਸਾ ਘੁਟਿਆ ਕਿ ਉਸ ਨੂੰ ਆਪਣੇ ਵਿਚ ਸਮੋ ਲਿਆ। ਹੁਣ ਬ੍ਰਾਹਮਣ ਮਤ ਨੇ ਓਹੋ ਗਲਵਕੜੀ ਸਿਖ ਨੂੰ ਪਾ ਰਖੀ ਹੋਈ ਹੈ ਅਤੇ ਓਹ ਦਿਨ ਸ਼ਾਇਦ ਦੂਰ ਨਹੀਂ ਜਦੋਂ ਸਿਖ ਦਾ ਹਸ਼ਰ ਵੀ ਬੁਧ ਮਤੇ ਵਾਲਾ ਹੋ ਜਾਵੇ ...। ਸਿਖ ਆਪਣੇ ਭੋਲੇਪਣ ਵਿਚ ਇਸ ਦਾ ਪ੍ਰਭਾਵ ਜਾਚਣ ਤੋਂ ਅਸਮਰੱਥ ਹੈ। ਇਸ ਦੀ ਸਾਦਾ (Straight forward) ਸੋਚਣੀ ਮੁਗ਼ਲ ਤੇ ਪਠਾਣ ਦੀ ਨੰਗੀ ਤੇ ਲਿਸ਼ਕਦੀ ਤਲਵਾਰ ਨਾਲ ਨਿਪਟ ਲੈਣ ਦੀ ਵਿਉਂਤ ਤਾਂ ਜਾਨਾ ਹੂਲ ਕੇ ਭੀ ਸਹਿਜੇ ਹੀ ਕਰ ਸਕਦੀ ਤੇ ਕਰ ਲੈਂਦੀ ਸੀ, ਪਰ ਅਜ ਦੇ ਚਾਤੁਰ ਤੇ ਸਤਿਆਧਾਰੀ ਲੋਕਾਂ ਨਾਲ ਨਿਪਟਣ ਲਈ ਸਿੱਖਾਂ ਨੂੰ ਆਪਣੀ ਸਾਦਾ ਸੋਚਣੀ ਤੋਂ ਉਤਾਹ ਉਠਣ ਤੇ ਬਲ ਧਾਰਨ ਦੀ ਲੋੜ ਹੋਵੇਗੀ।

ਪਰ ਇਹ ਬਲ ਸੁਤੇ ਤਾਂ ਪੈਦਾ ਨਹੀਂ ਹੋ ਜਾਣਾ, ਨਾ ਸਾਡੀ ਸੋਚਣੀ ਸੁਤੇ ਬਦਲ ਜਾਣੀ ਹੈ। ਇਸ ਦੇ ਲਈ ਜਿਥੇ ਇਕ ਬੰਨੇ ਗੁਰੂ ਪਾਤਿਸ਼ਾਹ ਦੀ ਓਟ ਤਕਾਉਣ ਅਤੇ ਉਨ੍ਹਾਂ ਦੇ ਉਲੀਕੇ ਰਾਹਾਂ ਤੇ ਤੁਰਨ ਦੀ ਲੋੜ ਹੈ, ਉਥੇ ਇਸ ਗੱਲ ਦੀ ਭੀ ਲੋੜ ਹੈ ਕਿ ਸਾਡੇ ਅੰਦਰ ਇਹ ਚੇਤਨਾ ਜਾਗੇ ਕਿ ਅਸੀਂ ਸਚਮੁਚ ਹੀ ਲੁਟੇ ਪੁਟੇ ਗਏ ਹਾਂ ਅਤੇ ਸਾਡਾ ਸਿੱਖੀ ਦਾ ਸੁਹਾਉਣਾ ਬਾਗ ਵੈਰਾਨ ਕੀਤਾ ਜਾ ਰਿਹਾ ਹੈ। ਸਤਿਆਧਾਰੀ ਪਾਰਟੀ ਨੇ ਸਾਡੇ ਵਿਚੋਂ ਹੀ ਸੋਹਣੇ ਚਿਹ-ਰਿਆਂ ਮੋਹਰਿਆਂ ਵਾਲੇ ਸਾਡੇ ਸਿਖ ਭਰਾਵਾਂ ਨੂੰ ਖ਼ੀਦ ਲਿਆ ਹੋਇਆ ਹੈ, ਜੋ ਆਪਣੀਆਂ ਬੀਬੀਆਂ ਦਾੜ੍ਹੀਆਂ ਤੇ ਦੂਹਰੀਆਂ ਦਸਤਾਰਾਂ ਦੇ ਪ੍ਰਭਾਵ ਦੁਆਰਾ ਸਾਨੂੰ 'ਗਊ ਗਰੀਬ' ਅਤੇ 'ਤਿਲਕ ਜੰਞੂ ਦੇ ਰਖਿਅਕ' ਹੋਣ ਦ ਭੁਲੇਖੇ ਪਾਉਂਦੇ ਅਤੇ ਸਾਨੂੰ ਹਿੰਦੂ ਦਾ ਹੀ ਇਕ Sect (ਸੰਪਰਦਾ) ਦਸ ਕੇ ਉਸ ਮਹਾਨ ਇਨਕਲਾਬ ਨੂੰ, ਜਿਸ ਦੇ ਲਿਆ-ਉਣ ਲਈ ਤਿੰਨ ਸੌ ਸਾਲ ਘਾਲ ਘਾਲੀ ਜਾਂਦੀ ਰਹੀ, ਇਤਿਹਾਸ ਦੇ ਪੰਨਿਆਂ ਤੋਂ ਮੇਸ ਦੇਣਾ ਚਾਹੁੰਦੇ ਹਨ। ਸਾਡਾ ਇਹ ਕਹਿਣਾ ਕਿ 'ਅਸੀਂ ਹਿੰਦੂ ਨਹੀਂ ਹਾਂ' ਅੱਜ ਉਨ੍ਹਾਂ ਨੂੰ ਚੁਭਦਾ ਹੈ, ਅਤੇ ਸਾਡੇ ਆਪਣੇ ਆਪ ਨੂੰ ਨਿਆਰੀ ਕੌਮ ਕਹਿਣ ਵਿਚੋਂ ਉਨ੍ਹਾਂ ਨੂੰ ਬਗਾਵਤ ਦੀ ਬੂ ਆਉਂਦੀ ਹੈ।

ਹੁਸ਼ਿਆਰ ਅਤੇ ਚਾਤੁਰ ਮਨੁੱਖਾਂ ਨੇ, ਜਿਨ੍ਹਾਂ ਵਿਚ ਸਾਡੇ ਕਈ ਸਿਖ ਭਰਾ ਵੀ ਸ਼ਾਮਲ ਹਨ, ਹੁਣ ਇਹ ਕਹਿਣਾ ਸ਼ੁਰੂ ਕੀਤਾ ਹੋਇਆ ਹੈ ਕਿ ਦੇਸ਼ ਦੀ ਭਲਾਈ ਇਸੇ ਵਿਚ ਹੈ ਕਿ ਸਾਰੇ ਦੇਸ਼-ਵਾਸੀਆਂ ਦੀ ਸੋਚਣੀ, ਕਰਣੀ ਤੇ ਰਹਿਣੀ ਇਕ-ਸਮਾਨ ਹੋਵੇ, ਸਾਰੇ ਇਕੋ ਬੋਲ ਬੋਲਦੇ ਹੋਣ ਅਤੇ ਆਪਸੀ ਭਿੰਨ-ਭਾਵ ਖ਼ਤਮ ਕਰ ਕੇ ਅਸੀਂ ਉਨ੍ਹਾਂ ਨਾਲ ਇਕ ਹੋ ਜਾਈਏ। ਅਜਿਹੇ ਸ਼ਬਦ ਕਹਿਣ ਸੁਨਣ ਨੂੰ ਬੜੇ ਮਿਠੇ ਤੇ ਪਿਆਰੇ ਲਗਦੇ ਹਨ, ਪਰ ਇਨ੍ਹਾਂ ਹੇਠ ਛੁਪਿਆ ਸੱਚ ਜਦੋਂ ਨੰਗਾ ਹੁੰਦਾ ਹੈ ਤਾਂ ਪਤਾ ਲਗਦਾ ਹੈ ਕਿ ਅਸਲ ਗੱਲ ਕੀ ਹੈ।

ਭਾਰਤੀ ਵਿਧਾਨ (Constitution) ਦੇਸ ਨੂੰ ਗਣ-ਤੰਤਰੀ (democratic) ਅਤੇ ਧਰਮ-ਨਿਰਪੇਖਸ਼

---

✽(Complementary) ਸਮਝਦੇ ਹਨ, ਐਸੇ ਪੂਰਕ, ਜੋ ਇਕ ਦੂਸਰੇ ਤੋਂ ਨਿਖੇੜੇ ਨਹੀਂ ਜਾ ਸਕਦੇ। ਐਨ ਉਸੇ ਤਰ੍ਹਾਂ ਜਿਵੇਂ ਪਰਮਾਤਮਾ ਦੇ ਕਿਰਪਾਲ ਤੇ ਸਰਬ-ਸ਼ਕਤੀਮਾਨ ਰੂਪ ਇਕ ਦੂਸਰੇ ਤੋਂ ਨਿਖੇੜ ਨਹੀਂ ਜਾ ਸਕਦੇ।

ਇਸ ਵਿਚ ਕੋਈ ਸ਼ਕ ਨਹੀਂ ਕਿ ਮਨੁੱਖਤਾ ਨਾਲ ਪਿਆਰ ਤੇ ਨੇਕੀ ਦੇ ਰੂਪ ਵਿਚ ਭਗਤੀ ਤੋਂ ਬਿਨਾਂ ਸ਼ਕਤੀ ਮਨੁੱਖ ਨੂੰ ਹਰਨਾਕਸ਼, ਰਾਵਣ, ਕੰਸ, ਤੇਮੂਰ, ਹਲਾਕੂ ਜਾਂ ਹਿਟਲਰ ਵਰਗਾ ਜ਼ਾਲਮ ਬਣਾ ਦੇਵੇਗੀ, ਪਰ ਦੂਸਰੇ ਪਾਸੇ ਸ਼ਕਤੀ ਤੋਂ ਬਿਨਾਂ ਭਗਤੀ ਉਸ ਨੂੰ ਐਸਾ ਬਲ-ਹੀਣ ਤੇ ਨਿਤਾਣਾ ਬਣਾ ਦੇਵੇਗੀ ਕਿ ਉਹ ਜ਼ਾਲਮ ਦੇ ਹੱਲੇ ਨੂੰ ਠਲ੍ਹ ਨਹੀਂ ਪਾ ਸਕੇਗਾ। ਆਪਣੀ, ਆਪਣੇ ਘਰ ਪਰਵਾਰ ਤੇ ਸਾਕੀਆਂ, ਸੰਬੰਧੀਆਂ ਦੀ ਰਖਿਆ ਨਹੀਂ ਕਰ ਸਕੇਗਾ, ਜ਼ਾਲਮ ਦੇ ਬੋਝ ਹੇਠਾਂ ਦਬਿਆ ਜਾਵੇਗਾ। ਭਗਤ ਨਹੀਂ ਰਹਿ ਸਕੇਗਾ, ਗ਼ੁਲਾਮ ਹੋ ਕੇ ਰਹਿ ਜਾਵੇਗਾ।

["ਭਗਤੀ ਤੇ ਸ਼ਕਤੀ" ਪੁਸਤਕ ਵਿਚੋਂ]

(Secular) ਹਕੂਮਤ ਦੇਣ ਦਾ ਦਾਅਵੇਦਾਰ ਹੈ—ਇਹ ਦੋਵੇਂ ਡੈਮੋਕਰੇਸੀ ਅਤੇ ਸੈਕੂਲਰਿਜ਼ਮ ਵੇਖਣ ਨੂੰ ਵਡੇ ਭਾਵ ਪੂਰਤ ਅਤੇ ਸਾਂਝ ਦਰਸਾਉਂਦੇ ਸ਼ਬਦ ਹਨ, ਪਰ ਜਿਸ ਦੇਸ਼ ਦੀ ੮੨ ਫ਼ੀ ਸਦੀ ਵਸੋਂ ਇਕ ਬੋਲ ਬੋਲਦੀ ਹੋਵੇ, ਉਸ ਦੇ ਗਣ-ਤੰਤਰੀ ਅਤੇ ਧਰਮ-ਨਿਰਪੇਖਸ਼ ਹੋਣ ਦੇ ਅਰਥ ਇਸ ਤੋਂ ਬਿਨਾਂ ਹੋਰ ਕੀ ਹੋ ਸਕਦੇ ਹਨ ਕਿ ਉਹ ਬਾਕੀ ਦੀ ੧੮ ਫ਼ੀ ਸਦੀ ਵਸੋਂ ਉਤੇ ਹਾਵੀ ਹੋਇ ਰਹਿਣਾ ਅਤੇ ਉਸ ਨੂੰ ਧਰਮ-ਨਿਰਪੇਖਤਾ ਦੇ ਨਾਮ ਹੇਠ ultimately (ਅੰਤ ਨੂੰ) ਆਪਣੇ ਵਿਚ ਸਮੋ ਲੈਣਾ ਚਾਹੁੰਦੀ ਹੈ। ਜੇ ਅਜਿਹੀ ਗੱਲ ਨਾ ਹੁੰਦੀ ਤਾਂ ਉਹ ਇਸ ੧੮ ਫ਼ੀਸਦੀ, ਜਿਸ ਵਿਚ ਸਿਖ ਕੇਵਲ ੧.੮ ਫ਼ੀ ਸਦੀ ਹੀ ਹਨ, ਜੇ ਜੀਉਂਦੇ ਰਖਣ ਦੀ ਵੀ ਕੋਈ ਵਿਸ਼ੇਸ਼ ਧਾਰਾ ਵਿਧਾਨ ਅੰਦਰ ਅੰਕਤ ਕਰਦੀ, ਜਿਸ ਦੇ ਲਈ ਉਹ ਬਚਨਬਧ ਵੀ ਸੀ। ਸਗੋਂ ਇਸ ਦੇ ਉਲਟ ਹੁਣ ਉਹ ਸਿੱਖਾਂ ਨੂੰ ਹੀ ਦੋਸ਼ ਦੇਂਦੇ ਅਤੇ ਉਨ੍ਹਾਂ ਨੂੰ ਕਦੀ ਵਖਵਾਦੀ, ਕਦੀ ਕਟੜ-ਪੰਥੀ (orthodox) ਕਹਿ ਕੇ ਭੰਡਦੇ ਹਨ। ਜੇ ਇਹ ਨ ਹੁੰਦਾ ਤਾਂ ਉਨ੍ਹਾਂ ਦੇ ਬੁਲਾਰੇ ਇਉਂ ਨ ਕਹਿੰਦੇ ਕਿ ('Sikh orthodoxy is fighting and bitterly resisting the truth of secular'-isation' ਅਰਥਾਤ, 'ਸਿਖਾਂ ਦਾ ਕੱਟੜ-ਪੁਣਾ ਧਰਮ-ਨਿਰਪੇਖਤਾ ਦੇ ਉਲਟ ਲੜਦਾ ਅਤੇ ਇਸ ਦਾ ਡਟ ਕੇ ਵਿਰੋਧ ਕਰ ਰਿਹਾ ਹੈ।' ਇਹੋ ਬੁਲਾਰਾ ਅਗੇ ਜਾ ਕੇ ਕਹਿੰਦਾ ਹੈ: 'Much is made of the insistence that the Sikh must keep his hair and beard' ਅਰਥਾਤ, 'ਸਿਖ ਕੇਸ ਅਤੇ ਦਾੜ੍ਹੀ ਰਖਣ ਵਾਸਤੇ ਏਨੇ ਬਜ਼ਿਦ ਹੋਇ ਹੋਇ ਹਨ।' ਹੋਰ ਲਓ ਉਹ ਕਹਿੰਦਾ ਹੈ :'Sikh orthodoxy wants to remain in the past, afraid to march into the future.Hencc this insistence on keeping the form, while forgetting the content-the desire to remain separate', ਅਰਥਾਤ 'ਸਿਖ-ਕੱਟੜ-ਪੁਣਾ ਸਮੇਂ ਦੇ ਨਾਲ ਤੁਰਨ ਤੋਂ ਡਰਦਾ ਹੋਇਆ ਬੀਤ ਚੁਕੇ ਸਮੇਂ (ਭੂਤ ਕਾਲ) ਅੰਦਰ ਵਿਚਰਨਾ ਚਾਹੁੰਦਾ ਹੈ। ਇਹੋ ਵਜਹ ਹੈ ਕਿ ਉਹ ਸਿਖੀ ਦੇ ਤੱਤ ਨੂੰ ਭੁਲ ਕੇ ਸਿਖ ਸਰੂਪ ਨੂੰ ਚੰਬੜਦਾ ਹੈ, ਇਸੇ ਵਿਚੋਂ ਉਸ ਦੇ ਵਖਵਾਦ ਦੀ ਇੱਛਾ (desire to remain separate) ਸਪੱਸ਼ਟ ਹੁੰਦੀ ਹੈ।'

ਅਖ਼ੀਰ ਵਿਚ ਇਹੋ ਬੁਲਾਰਾ ਸਿੱਖਾਂ ਨੂੰ ਸਲਾਹ ਦੇਂਦਾ ਹੈ ਕਿ ਉਹ ਆਪਣੇ ਨਿਆਰੇ ਰਹਿਣ ਦੀ ਭਾਵਨਾ (distinct identity) ਛਡ ਕੇ ਧਰਮ-ਨਿਰਪੇਖਤਾ ਦੀ ਦੁਨੀਆ ਵਿਚ ਰਹਿਣਾ ਸਿਖਣ।

(ਇਸ ਦੇ ਲਈ ਵੇਖੋ ਐਕਸਪ੍ਰੈਸ ਮੈਗਜ਼ੀਨ ੧੪ ਅਪਰੈਲ ੧੯੮੫)

ਇਹ ਕੇਵਲ ਇਕ ਵੰਨਗੀ ਹੈ ਉਸ ਸੋਚਣੀ ਦੀ, ਜੋ ਦੇਸ਼ ਦੀ ਹਕੂਮਤ ਅਤੇ ਇਸ ਦੀ ੮੨ ਫ਼ੀ ਸਦੀ ਵਸੋਂ ਸਿਖਾਂ ਲਈ ਰਖਦੀ ਹੈ। ਹੁਣ ਸਿਖਾਂ ਨੇ ਵਿਚਾਰਨਾ ਹੈ ਕਿ ਕੀ ਤਿੰਨ ਸੌ ਸਾਲ ਦੀਆਂ ਅਣਥਕ ਘਾਲਣਾਂ ਅਤੇ ਉਸ ਦੇ ਲਈ ਹੂਲੀਆਂ ਲੱਖਾਂ ਕੀਮਤੀ ਜਾਨਾਂ ਰਾਹੀਂ ਕਾਇਮ ਕੀਤੇ ਸਿਖ ਨਿਆਰਾਪਣ (Sikh identity) ਨੂੰ ਸਿਖ ਨੇ ਰਖਣਾ ਹੈ ਜਾਂ ਇਸ ਵਲੋਂ ਹਮੇਸ਼ਾ ਲਈ ਹੱਥ ਧੋ ਲੈਣੇ ਹਨ।

ਜਿਸ ਤਰ੍ਹਾਂ ਪਿਛੇ ਦਸਿਆ ਗਿਆ ਹੈ, ਗੁਰੂ ਸਾਹਿਬਾਨ ਵਲੋਂ ਲਿਆਂਦੇ ਇਸ ਇਨਕਲਾਬ ਨੇ ਦੇਸ ਦੀ ਕਾਇਆਂ-ਕਲਪ ਕੀਤੀ ਅਤੇ ਹਜ਼ਾਰਾਂ ਸਾਲਾਂ ਤੋਂ ਅਕਾਲ ਪੁਰਖ ਵਲੋਂ ਬੇਮੁਖ ਹੋਈ ਅਤੇ ਊਚ ਨੀਚ ਦੇ ਵਿਤਕਰਿਆਂ ਅੰਦਰ ਫੀਤੀ ਫੀਤੀ ਹੋਈ ਮਨੁੱਖਤਾ ਨੂੰ ਏਕਤਾ ਅਤੇ ਸਾਂਝੀਵਾਲਤਾ ਦਾ ਰਾਹ ਵਿਖਾ ਕੇ ਉਸ ਅੰਦਰ ਜੀਵਨ-ਸਾਹਸ ਭਰਿਆ। ਅਜ ਅਸੀਂ ਕੁਝ ਆਪਣੇ ਪੈਰੋਂ ਅਤੇ ਬਹੁਤ ਉਨ੍ਹਾਂ ਦੇ ਪੈਰੋਂ, ਜਿਨ੍ਹਾਂ ਨੂੰ ਉਚਾ ਉਠਾਉਣ ਲਈ ਇਹ ਘਾਲਣਾਂ ਘਾਲੀਆਂ ਗਈਆਂ ਸਨ, ਮੁੜ ਉਸੇ ਹਾਲਤ ਅੰਦਰ ਜਾ ਰਹੇ ਹਾਂ, ਜਿਸ ਵਿਚੋਂ ਇਸ ਇਨਕਲਾਬ ਨੇ ਸਾਨੂੰ ਕਢ ਕੇ ਜੀਉਂਦੇ ਕੀਤਾ ਸੀ। ਇਸ ਵਿਚੋਂ ਬਚਾਉ ਦਾ ਵਾਹਿਦ (ਇਕੋ ਇਕ) ਸਾਧਨ ਸਿਖ ਦੇ ਨਿਆਰਾਪਣ (Sikh identity) ਅਤੇ ਸਿਖ ਵਿਰਸੇ ਦੀ ਸੰਭਾਲ ਹੀ ਹੈ।

ਸੋ ਹੁਣ ਤਾਂ ਜਾਗ ਸੁਤਿਆ ਸ਼ੇਰਾ, ਸੰਭਾਲ ਆਪਣੀ ਵਿਲੂੰਧਰੀ ਪਈ ਖੇਤੀ ਅਤੇ ਉਜੜੇ ਬਾਗਾਂ ਨੂੰ, ਚੇਤੇ ਵਿਚ ਲਿਆ ਬੀਰ ਮਤਾਬ ਸਿੰਘ ਤੇ ਸੁਖਾ ਸਿੰਘ ਨੂੰ, ਜਿਨ੍ਹਾਂ ਧੋ ਦਿਤਾ ਸੀ ਕਲੰਕ ਹਰਿਮੰਦਰ ਸਾਹਿਬ ਦੀ ਪਾਵਨ ਧਰਾ ਤੋਂ; ਅਤੇ ਲਛਮਣ ਸਿੰਘ ਤੇ ਦਲੀਪ ਸਿੰਘ ਨੂੰ, ਜਿਨ੍ਹਾਂ ਪਾ ਕੇ ਲਹੂ ਆਪਣਾ ਧੋਤਾ ਸੀ ਜਨਮ ਅਸਥਾਨ


www.AKJ.Org

ਨਾਨਕ ਨਿਰੰਕਾਰੀ ਦਾ।

ਇਸ ਤੋਂ ਇਲਾਵਾ ਅੱਜ ਲੋੜ ਹੈ ਸਿਖ ਪਨੀਰੀ ਨੂੰ ਸੰਭਾਲਣ ਦੀ, ਜੋ ਗਵਾਂਢ ਦੇ ਪ੍ਰਭਾਵ ਹੇਠ ਅਤੇ ਕਹੀ ਜਾਂਦੀ ਸੈਕੂਲਰ, ਪਰ ਸਿਖ-ਮਾਰੂ ਫਿਰਕੂ ਨੀਤੀ ਕਾਰਨ ਸਿਖੀ ਵਲੋਂ ਮੂੰਹ ਮੋੜ ਰਹੀ ਹੈ। ਕੁਝ ਐਸੀ ਹੀ ਦਸ਼ਾ ਉਨੀਵੀਂ ਸਦੀ ਦੇ ਅੰਤਲੇ ਦਹਾਕਿਆ ਵਿਚ ਸਾਡੇ ਤੇ ਵਾਪਰੀ ਸੀ, ਜਿਸ ਨੂੰ ਠੱਲ੍ਹ ਪਾਉਣ ਲਈ ਸਿੰਘ ਸਭਾ ਅਤੇ ਸਿਖ ਵਿਦਿਅਕ ਲਹਿਰ ਨੇ ਸਫਲ ਜਤਨ ਕੀਤੇ ਸਨ ਅਤੇ ਭਾਈ ਸਾਹਿਬ ਕਾਨ੍ਹ ਸਿੰਘ ਜੈਸੇ ਸਜਣ ਨੂੰ ਮਜਬੂਰ ਹੋ ਕੇ ਇਹ ਲਿਖਣਾ ਪਿਆ ਸੀ 'ਹਮ ਹਿੰਦੂ ਨਹੀਂ'।

ਅਜ ਦਾ ਬਹੁ-ਗਿਣਤੀ ਹਿੰਦੂ ਰਾਜ, ਜਿਸ ਨੂੰ ਡੈਮੋਕਰੇਸੀ ਦੇ ਨਾਮ ਹੇਠ ਉਛਾਲਿਆ ਜਾ ਰਿਹਾ ਹੈ, ਰਾਸ਼ਟਰੀ ਭਾਸ਼ਾ ਦੇ ਨਾਮ ਤੇ ਸਾਡੇ ਬੱਚਿਆਂ ਤੋਂ ਸਾਡੀ ਮਾਤ ਭਾਸ਼ਾ ਪੰਜਾਬੀ ਤੇ ਗੁਰਮੁਖੀ ਲਿਪੀ ਖੋਹ ਰਿਹਾ ਹੈ—ਤਾਂਕਿ ਉਹ ਗੁਰਬਾਣੀ ਤੋਂ, ਜੋ ਸਿੱਖੀ ਦੀ ਜਾਨ ਪ੍ਰਾਨ ਹੈ, ਵਾਂਝੇ ਰਹਿਣ ਅਤੇ ਇਕ ਪੀੜ੍ਹੀ ਹੋਰ ਗੁਜ਼ਰਨ ਤਕ ਸਿੱਖੀ ਵਾਲੀ ਗੱਲ ਦਾ ਆਪਣੇ ਆਪ ਹੀ ਭੋਗ ਪੈ ਜਾਵੇ। ਇਸ ਤੋਂ ਬਚਾਉ ਦਾ ਇਕੋ ਇਕ ਸਾਧਨ ਸਿਖ ਵਿਦਿਅਕ ਲਹਿਰ ਨੂੰ ਮੁੜ ਸੁਰਜੀਤ ਕਰਨ ਵਿਚ ਹੈ। ਹਰ ਪਿੰਡ ਤੇ ਹਰ ਮਹੱਲੇ ਵਿਚ ਗੁਰਮੁਖੀ ਸਕੂਲ ਖੋਲ੍ਹੇ ਜਾਣ, ਜਿਨ੍ਹਾਂ ਵਿਚ ਦੇਸ ਦੇ ਸਿਖਿਆ ਵਿਭਾਗ ਵਾਲੀ ਸਾਰੀ ਪੜ੍ਹਾਈ, ਸਮੇਤ ਅੰਗਰੇਜ਼ੀ ਦੇ, ਵੀ ਹੋਵੇ, ਪਰ ਗੁਰਮੁਖੀ ਲਿਪੀ ਦੀ ਸਿਖਲਾਈ ਪੜ੍ਹਾਈ ਅਤੇ ਗੁਰਬਾਣੀ ਤੇ ਸਿਖ ਇਤਿਹਾਸ ਦੀ ਵਿਸ਼ੇਸ਼ ਸੰਥਿਆ ਦਿਤੀ ਜਾਵੇ। ਇਸ ਦੇ ਲਈ ਜਿਥ ਜਿਥੇ ਵੀ ਸਿਖ ਵਸੋਂ ਜਾਂ ਸਿਖ ਸੰਸਥਾਵਾਂ ਹਨ, ਉਹ ਆਪਣੇ ਤੌਰ ਤੇ ਵੀ ਅਜਿਹਾ ਪ੍ਰਬੰਧ ਕਰਨ, ਪ੍ਰੰਤੂ ਹਰ ਗੁਰਦੁਆਰੇ ਨਾਲ ਅਜਿਹੇ ਸਕੂਲ ਚਾਲੂ ਕਰਨ ਦੀ ਜ਼ਿਮੇਵਾਰੀ ਸ਼੍ਰੋਮਣੀ ਅਤੇ ਲੋਕਲ ਗੁਰਦੁਆਰਾ ਕਮੇਟੀਆਂ ਤੇ ਸਿੰਘ ਸਭਾਵਾਂ ਆਪਣੇ ਸਿਰ ਲੈਣ ਅਤੇ ਹਰ ਗੁਰਦੁਆਰੇ ਨਾਲ ਅਜਿਹੇ ਸਕੂਲ ਦਾ ਹੋਣਾ ਓਨਾ ਹੀ ਜ਼ਰੂਰੀ ਹੋਵੇ ਜਿਤਨਾ ਗੁਰਦੁਆਰੇ ਦਾ ਨਿਤਾਪ੍ਰਤ ਦਾ ਪਾਠ ਕੀਰਤਨ ਦਾ ਪ੍ਰੋਗਰਾਮ। ਐਸਾ ਕੁਝ ਕਰ ਕੇ ਹੀ ਅਸੀਂ ਸਿੱਖ ਬੱਚਿਆਂ ਨੂੰ ਗ਼ੈਰ-ਸਿਖ ਪ੍ਰਭਾਵ ਅਤੇ ਸਮੇਂ ਦੀ ਫ਼ੈਸ਼ਨ-ਪ੍ਰਸਤ ਤੋਂ ਬਚਾਅ ਸਕਦੇ ਹਾਂ।

ਇਸ ਗੱਲ ਦੀ ਵੀ ਲੋੜ ਹੈ ਕਿ ਸਾਡੇ ਉਪਰ ਛਾ ਚੁਕੇ ਬ੍ਰਾਹਮਣਵਾਦ ਵਲੋਂ ਅਸੀਂ ਸੁਚੇਤ ਹੋਈਏ, ਬ੍ਰਾਹਮਣੀ ਰੀਤਾਂ ਰਸਮਾਂ (Rituals) ਤਿਉਹਾਰਾਂ ਅਤੇ ਜ਼ਾਤ-ਵਰਣ ਦੇ ਵਿਤਕਰਿਆਂ ਤੋਂ ਉਪਰ ਉਠੀਏ ਅਤੇ ਜੱਟ ਖਤਰੀ ਅਰੋੜੇ ਰਾਮਗੜ੍ਹੀਏ ਲਬਾਣੇ ਰਵਿਦਾਸੀਏ ਤੇ ਮਜ਼੍ਹਬੀ ਆਦਿ ਬਣ ਕੇ ਆਪੋ ਆਪਣੇ ਵਖੋ ਵਖ ਜਮਾਤਾਂ ਅੰਦਰ ਵੰਡੇ ਜਾਣ ਅਤੇ ਬ੍ਰਾਦਰੀਆਂ ਦੇ ਨਾਮ ਤੇ ਸੰਸਥਾਵਾਂ ਬਣਾਉਣ ਅਤੇ ਵਖਰੇ ਵਖਰੇ ਆਸ਼ਰਮ ਤੇ ਗੁਰਦੁਆਰੇ ਖੋਲ੍ਹਣ ਦੀ ਬਜਾਏ ਸਾਰੇ 'ਵਾਹਿਗੁਰੂ ਜੀ ਕਾ ਖਾਲਸਾ' ਬਣੀਏ। ਸਾਡੇ ਗੁਰਦੁਆਰੇ, ਵਿਦਿਅਕ ਆਸ਼ਰਮ, ਰਸਾਲੇ ਅਤੇ ਸੰਸਥਾਵਾ ਸਾਰਿਆਂ ਦੇ ਸਾਂਝੇ ਹੋਣ। ਅਸੀਂ ਆਪਣੇ ਨਾਵਾਂ ਨਾਲ ਸਿਧੂ, ਸੰਧੂ, ਬੇਦੀ, ਸੋਢੀ, ਢਿਲੋਂ, ਗਿੱਲ ਸਾਹਨੀ, ਸੇਠੀ ਆਦਿ ਦੀਆਂ ਲਗਾਈਆਂ ਪੂਛਲਾਂ ਲਾਹ ਕੇ ਨਿਰੋਲ ਸਿੰਘ ਬਣੀਏ।

ਪੂਛਲਾਂ ਪਸ਼ੂਆਂ ਦੀਆਂ ਹੁੰਦੀਆਂ ਹਨ, ਮਨੁੱਖ ਦੀਆਂ ਨਹੀਂ। ਕਿੰਨੀ ਸ਼ਰਮ ਦੀ ਗੱਲ ਹੈ ਕਿ ਅਸੀਂ ਗੁਰੂ ਗੋਬਿੰਦ ਸਿੰਘ ਦੇ ਬਖ਼ਸ਼ੇ 'ਸਿੰਘ' ਨਾਮ ਉਪਰ ਬ੍ਰਾਹਮਣੀ, ਗੋਤੀ ਨਾਮ ਨੂੰ ਤਰਜੀਹ ਦੇ ਰਹੇ ਹਾਂ। ਕੀ ਬ੍ਰਾਹਮਣ ਦਾ ਦਿਤਾ ਗੋਤੀ ਨਾਮ ਗੁਰੂ ਦੇ ਬਖਸ਼ੇ ਨਾਮ (ਸਿੰਘ ਅਤੇ ਕੌਰ) ਤੋਂ ਵਧੇਰੀ ਮਹੱਤਤਾ ਰਖਦਾ ਹੈ? ਕੁਝ ਤਾਂ ਸੋਚੋ। ਜੇ ਸਿੱਖੀ ਨੂੰ ਜੀਉਂਦੇ ਰਖਣਾ ਲੋੜਦੇ ਹੋ ਤਾਂ ਆਓ ਨਿਰੋਲ ਸਿਖ ਰਹਿਣੀ ਅਤੇ ਸਿਖ ਸਰੂਪ ਨੂੰ ਅਪਣਾਈਏ, ਜਿਸ ਦਾ ਵਾਹਿਦ ਸਾਧਨ ਖੰਡੇ ਦੇ ਅੰਮ੍ਰਿਤ ਦੀ ਸਾਂਝ ਅਤੇ ਗੁਰੂ ਬਾਣੀ ਦੇ ਪਾਠ ਵੀਚਾਰ ਨੂੰ ਇਕ ਵਿਸ਼ਾਲ ਲਹਿਰ ਦਾ ਰੂਪ ਦੇਣਾ ਹੈ।

ਸੋ ਖ਼ਾਲਸਾ! ਜਾਗ, ਸਮਝ ਤੇ ਸੰਭਾਲ ਆਪਣੇ ਵਿਰਸੇ ਨੂੰ।

['ਪੰਜਾਬ ਲੀਰੋ ਲੀਰ' ਟਰੈਕਟ ਵਿਚੋਂ]


www.AKJ.Org

ਅਕਾਲੀ ਕੌਰ ਸਿੰਘ ਜੀ

# ਇਕ ਵਿਦਵਾਨ ਮਹਾਂਪੁਰਖ

[ਪ੍ਰੋਫੈਸਰ ਪਿਆਰਾ ਸਿੰਘ ਜੀ 'ਪਦਮ' ਪਟਿਆਲਾ]

ਕਸ਼ਮੀਰ ਹਿੰਦੁਸਤਾਨ ਦਾ ਬਗੀਚਾ ਹੈ ਤੇ ਇਸ ਬਗੀਚੇ ਦੀ ਸਭ ਤੋਂ ਵੱਧ ਮਸ਼ਹੂਰ ਚੀਜ਼ ਕੇਸਰ ਹੈ। ਕੇਸਰ ਦਾ ਨਾਂ ਲੈਂਦਿਆਂ ਹੀ ਕਸ਼ਮੀਰ ਚੇਤੇ ਆ ਜਾਂਦਾ ਹੈ ਤੇ ਕਸ਼ਮੀਰ ਦਾ ਨਾਂ ਲੈਂਦਿਆਂ ਕੇਸਰ। ਜਿਵੇਂ ਉਥੋਂ ਦੀ ਬਨਸਪਤੀ ਨੇ, ਆਪਣੀ ਸਾਰੀ ਸੁਗੰਧ ਤੇ ਸਰੂਰ ਨੂੰ ਕੇਸਰ ਬਣਾ ਕੇ ਪ੍ਰਕਾਸ਼ਮਾਨ ਕੀਤਾ, ਤਿਵੇਂ ਕਸ਼ਮੀਰ ਦੀ ਹੁਸੀਨ ਮਾਨਵਤਾ ਨੇ ਕੁਦਰਤ ਦਾ ਸਾਰਾ ਹੁਨਰ ਤੇ ਕਲਾਕੌਸ਼ਲ ਲਗਾ ਕੇ ਇਕ ਪਰਮ ਮਨੋਹਰ, ਮਿੱਠੀ, ਮੁਸਕਰਾਉਂਦੀ ਮਨੁੱਖੀ ਸ਼ਖ਼ਸੀਅਤ ਪ੍ਰਗਟਾਈ। ਉਹ ਕੇਸਰੀ ਸ਼ਖਸੀਅਤ ਸੀ ਅਕਾਲੀ ਕੌਰ ਸਿੰਘ।

ਜਿਨ੍ਹਾਂ ਨੇ ਉਨ੍ਹਾਂ ਨੂੰ ਤੱਕਿਆ ਹੈ, ਉਹ ਖ਼ੁਦ ਅਨੁਭਵ ਕਰ ਸਕਦੇ ਹਨ ਕਿ ਅਕਾਲੀ ਕੌਰ ਸਿੰਘ ਜਿਹੇ ਅੰਦਰੋਂ ਬਾਹਰੋਂ ਸੋਹਣੇ ਮਹਾਂਨ ਵਿਅਕਤੀ ਵਿਚ ਕਸ਼ਮੀਰ ਦੀਆਂ ਸਾਰੀਆਂ ਖ਼ੂਬੀਆਂ ਜਾ ਜੁੜੀਆਂ ਸਨ। ਉਨ੍ਹਾਂ ਦਾ ਕਸ਼ਮੀਰੀ ਸੇਬ ਵਾਂਗ ਲਾਲੀ ਦੀ ਭਾਅ ਮਾਰਦਾ ਗੋਰਾ ਨਛੋਹ ਚੇਹਰਾ, ਫੁੱਲਾਂ ਵਾਂਗ ਮੁਸਕਰਾਉਂਦਾ ਮਧੁਰ ਮੁਖੜਾ, ਬਰਫ ਵਰਗਾ ਉਜਲ ਸਫੈਦ ਸੀਤਲ ਸੀਨਾ, ਸੋਮਿਆਂ ਦੇ ਵਗਦੇ ਪਾਣੀ ਵਰਗੀ ਮਾਨਸਿਕ ਨਿਰਮਲਤਾ, ਪਰਬਤ ਜਿਹੀ ਅਚੱਲ ਅਡੋਲ ਉਚੱਤਾ ਤੇ ਕੇਸਰ ਵਾਂਗੂ ਖੁਸ਼ਬੋ ਖਿਲਾਰਦੀ ਉਪਕਾਰੀ ਜ਼ਿੰਦਗੀ ਕਦੀ ਵੀ ਭੁਲਾਈ ਜਾ ਸਕਣ ਵਾਲੀ ਨਹੀਂ। ਇਉਂ ਮਾਲੂਮ ਹੁੰਦਾ ਸੀ ਜਿਵੇਂ ਕੁਦਰਤ ਨੇ ਉਨ੍ਹਾਂ ਦੀ ਹਸਤੀ ਵਿਚ ਕਸ਼ਮੀਰ ਦਾ ਤੱਤਸਾਰ ਕੱਢ ਰਖਿਆ ਹੋਵੇ।

ਪੁਰਾਣੇ ਜ਼ਮਾਨੇ ਵਿਚ ਕਸ਼ਮੀਰ ਨੂੰ ਰਿਸ਼ੀਆਂ ਦੀ ਧਰਤੀ ਆਖਿਆ ਗਿਆ ਹੈ। ਅਕਾਲੀ ਕੌਰ ਸਿੰਘ ਸੱਚਮੁੱਚ ਨਵੇਂ ਕਸ਼ਮੀਰ ਦਾ ਪੂਰਨ ਰਾਜਰਿਸ਼ੀ ਸੀ। ਬ੍ਰਹਮ ਗਿਆਨੀ, ਤਪੱਸਵੀ, ਤਿਆਗੀ, ਵੈਰਾਗੀ, ਸੂਰਬੀਰ, ਸੰਤ ਸਿਪਾਹੀ, ਲੋਕ ਸੇਵਕ ਤੇ ਵਿਦਵਾਨ ਲੇਖਕ ਇਹ ਸਭ ਕੁਝ ਉਸ ਦੇ ਦਰਸ਼ਨ ਮਾਤਰ ਤੋਂ ਸਹਿਜੇ ਤਕਿਆ ਜਾ ਸਕਦਾ ਸੀ। ਉਹ ਸਦਾ ਕਾਲੀ ਪੱਗ ਬੰਨ੍ਹਣ ਤੇ ਸੀਸ ਉਤੇ ਚੱਕਰ ਸਜਾਉਣ ਕਰਕੇ ਹੀ ਅਕਾਲੀ ਯਾ ਨਿਹੰਗ ਨਹੀਂ ਸੀ ਕਹੇ ਜਾਂਦੇ, ਸਗੋਂ ਉਨ੍ਹਾਂ ਦਾ ਅਟੁੱਟ ਅਕਾਲੀ ਵਿਸ਼ਵਾਸ, ਦ੍ਰਿੜ੍ਹਤਾ, ਧੀਰਜ ਤੇ ਨਿਸੰਗ ਬਿਰੱਕਤ ਸੁਭਾਉ ਆਪ ਨੂੰ ਪੂਰਨ ਭਾਂਤ ਪੂਰਨ ਸੰਤ ਸਿਪਾਹੀ ਪ੍ਰਗਟਾਉਂਦਾ ਸੀ। ਸਿੱਖ ਕੌਮ ਰੋਜ਼ਾਨਾ ਅਰਦਾਸ ਰਾਹੀਂ 'ਸੇਈ ਪਿਆਰੇ ਮੇਲੀਂ' ਯਾ 'ਗੁਰਮੁਖਾਂ ਦਾ ਮੇਲ' ਆਖ ਕੇ ਜਿਨ੍ਹਾਂ ਦਾ ਦਰਸ਼ਨ ਲੋਚਦੀ ਹੈ, ਸੱਚ-ਮੁੱਚ ਅਕਾਲੀ ਜੀ ਉਨ੍ਹਾਂ ਚੋਟੀ ਦੇ ਗੁਰਮੁਖ ਵਿਅਕਤੀਆਂ ਵਿਚੋਂ ਸਨ, ਇਨ੍ਹਾਂ ਉਤੇ ਸਭਯ ਮਨੁੱਖਤਾਂ ਸਦਾ ਮਾਣ ਕਰ ਸਕਦੀ ਹੈ।

ਆਪ ਦਾ ਜਨਮ ਪਿੰਡ ਪੱਧਰ (ਚਕਾਰ ਲਾਗੇ) ਤਸੀਲ ਉੜੀ ਜ਼ਿਲਾ ਮੁਜੱਫਰਾਬਾਦ (ਕਸ਼ਮੀਰ) ਵਿਚ ਭਾਈ ਮਹਾਂ ਸਿੰਘ ਜ਼ੀ ਦੇ ਘਰ ਫਰਵਰੀ ੧੮੮੬ ਈ: (੧੧ ਫੱਗਣ ੧੯੪੩ ਬਿ:) ਵਿਖੇ ਹੋਇਆ ਤੇ ਦੇਹਾਂਤ ੨੩ ਜਨਵਰੀ ੧੯੫੩ ਈ: ਨੂੰ ਪਟਿਆਲੇ। ਇਨ੍ਹਾਂ ੫੦-੬੦ ਵਰ੍ਹਿਆਂ ਵਿਚ ਅਕਾਲੀ ਜੀ ਨੇ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਦੇ ਮਹਾਂਵਾਕ ਅਨੁਸਾਰ ਲੋਕ ਸੇਵਾ ਤੇ ਪਰਉਪਕਾਰ ਲਈ ਅਣਥੱਕ ਘਾਲਾਂ ਘਾਲੀਆਂ। ਕਸ਼ਮੀਰ ਤੋਂ ਕਾਬਲ ਕਲਕੱਤੇ ਤਕ ਉਨ੍ਹਾਂ ਦਾ ਕਰਮ-ਖੇਤਰ ਪਸਰਿਆ ਹੋਇਆ ਸੀ। ਉਹ ਜਿਥੇ ਜਾਂਦੇ, ਆਪਣੀ ਵਿਦਿਅਕ ਯੋਗਤਾ, ਆਚਰਣਕ ਉਚੱਤਾ ਤੇ ਨਿਮ੍ਰਤਾ ਕਾਰਣ ਸਤਿਕਾਰੇ ਜਾਂਦੇ। ਹਿੰਦੂ ਉਨ੍ਹਾਂ ਨੂੰ ਰਿਸ਼ੀਆਂ ਦਾ ਰਿਸ਼ੀ ਤੇ ਮੁਸਲਮਾਨ ਸ਼ਰਧਾਲੂ ਰੱਬੀ ਦਰਵੇਸ਼ ਅਤੇ 'ਵਲੀਉਲਾ' ਕਹਿ ਕੇ ਸਲਾਮ ਕਰਦੇ। ਪ੍ਰਚਾਰ ਲਈ ਲੰਮੇ ਲੰਮੇ ਸਫਰ ਝਾਗਣੇ ਤੇ ਹਰ ਕਿਸਮ ਦੀ ਸੇਵਾ ਟਹਿਲ ਲਈ ਤਤਪਰ ਰਹਿਣਾ, ਉਨ੍ਹਾਂ ਦਾ ਸੁਭਾਅ ਬਣ ਗਿਆ ਸੀ। ਉਹਨਾਂ ਉਮਰ ਭਰ ਕਿਤਨੇ ਸਕੂਲ ਤੇ ਅਨਾਥ ਆਸ਼ਰਮ ਚਲਾਏ, ਇਹ ਇਕ ਲੰਮੀ ਵਿਥਿਆ ਹੈ। ਖ਼ਾਸ ਕਰਕੇ ਗਰੀਬ ਤੇ ਯਤੀਮ ਬੱਚਿਆਂ ਦੀ ਸੇਵਾ-ਸੰਭਾਲ ਲਈ ਜਿਤਨਾ ਉਦਮ ਉਹਨਾਂ ਇਕੱਲਿਆਂ ਨੇ ਕੀਤਾ, ਉਹ ਕੋਈ ਸੰਸਥਾ ਹੀ ਕਰ ਸਕਦੀ ਹੈ।


www.AKJ.Org

ਇਸ ਲੋਕ-ਕਲਿਆਣਕਾਰੀ-ਘਾਲ ਤੋਂ ਇਲਾਵਾ ਆਪ ਦੀ ਸਾਹਿਤਕ ਘਾਲਣਾ ਸੱਚ-ਮੁਚ ਬੇ-ਮਿਸਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤੁਕ-ਤਤਕਰਾ 'ਸ੍ਰੀ ਗੁਰ ਸ਼ਬਦ ਰਤਨ ਪ੍ਰਕਾਸ਼' ਆਪ ਦੀ ਅਮਰ ਯਾਦਗਾਰ ਹੈ, ਜੋ ਆਪ ਨੇ ੧੫-੧੬ ਵਰ੍ਹਿਆਂ ਦੀ ਘਾਲ ਉਪਰੰਤ ੧੯੨੩ ਈ: ਵਿਚ ਸੰਪੂਰਨ ਕੀਤਾ। ਇਹ ਹਵਾਲਾ-ਗ੍ਰੰਥ ਐਸਾ ਹੈ, ਜਿਸ ਤੋਂ ਗੁਰਬਾਣੀ ਦੀ ਕਿਸੇ ਤੁਕ ਦਾ ਵੀ ਸਫ਼ਾ ਦੇਖ ਕੇ ਪੂਰੀ ਤੁਕ ਜਾਂ ਪੂਰਾ ਸ਼ਬਦ ਸੌਖਿਆਂ ਲਭਿਆ ਜਾ ਸਕਦਾ ਹੈ। ਫਿਰ ਕਮਾਲ ਇਹ ਕਿ ਇਤਨਾ ਵੱਡਾ ਕਾਰਨਾਮਾ ਕਰਕੇ ਅਕਾਲੀ ਜੀ ਨੇ ਕਿਤੇ ਆਪਣਾ ਨਾਮ ਦੇਣਾ ਯੋਗ ਨਹੀਂ ਸਮਝਿਆ, ਸਗੋਂ ਆਪਣੇ ਆਪ ਨੂੰ 'ਕੀਟ' ਦੱਸਿਆ ਹੈ।

ਇਸੇ ਤਰ੍ਹਾਂ ਭਾਈ ਗੁਰਦਾਸ ਜੀ ਦੇ ਕਬਿੱਤ ਸਵੱਈਆਂ ਤੇ ਵਾਰਾਂ ਦਾ ਤੁਕ-ਤਤਕਰਾ ਵੀ ਆਪ ਨੇ ੧੯੨੯ ਈ: ਵਿਚ ਛਾਪਿਆ। ਇਸ ਤੋਂ ਇਲਾਵਾ ਇਤਿਹਾਸਕ ਖੋਜ ਦੀ ਆਪ ਨੂੰ ਡਾਢੀ ਲਗਨ ਸੀ, ਜਿਸ ਕਾਰਨ 'ਸ੍ਰੀ ਗੁਰ ਸੋਭਾ' ਪੁਸਤਕ ਨੂੰ ੧੯੨੫ ਈ: ਵਿਚ ਪਹਿਲੀ ਵਾਰ ਪ੍ਰਕਾਸ਼ਤ ਕੀਤਾ ਤੇ 'ਹਜ਼ੂਰੀ ਸਾਥੀ' (੧੯੩੪) ਪੁਸਤਕ ਵਿਚ ਹਜ਼ੂਰ ਸਾਹਿਬ ਬਾਰੇ ਬੜੇ ਅਮੁੱਲੇ ਤਵਾਰੀਖੀ ਹਾਲਾਤ ਸੰਚਿਤ ਕੀਤੇ। ਆਪ ਦੀਆਂ ਹੋਰ ਰਚਨਾਵਾਂ ਬੁਧਿ ਬਾਰਧਿ, ਹਿਤੋਪਦੇਸ਼ ਰਤਨਾਕਰ ਤੇ ਇਸਤ੍ਰੀ ਸੰਕਟ ਮੋਚਨ ਆਦਿ ਤੋਂ ਪਤਾ ਲੱਗਦਾ ਹੈ ਕਿ ਆਪ ਕਿਸ ਤਰ੍ਹਾਂ ਸਮਾਜਕ ਸੁਧਾਰ ਤੇ ਉਚੇ ਵਿਚਾਰਾਂ ਦੇ ਪ੍ਰਚਾਰ ਲਈ ਸਦਾ ਤਿਆਰ-ਬਰ-ਤਿਆਰ ਰਹਿੰਦੇ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮਿਕ ਸਾਹਿਤ ਦਾ ਭੰਡਾਰ ਹੈ, ਜੋ ਕੇਵਲ ਧਾਰਮਿਕ ਜਗਿਆਸੂਆਂ ਲਈ ਹੀ ਨਹੀਂ, ਬਲਕਿ ਭਾਰਤੀ ਪਰੰਪਰਾ ਦੇ ਸਮਾਜਕ ਤੇ ਸਾਂਸਕ੍ਰਿਤਕ ਅਧਿਐਨ ਲਈ ਵੀ ਬੜਾ ਮਹੱਤਵਪੂਰਨ ਅਦੁੱਤੀ ਖ਼ਜ਼ਾਨਾ ਹੈ। ਇਸ ਦੇ ਸਰਬ-ਪੱਖੀ ਅਧਿਐਨ ਲਈ ਤਰ੍ਹਾਂ ਤਰ੍ਹਾਂ ਦੀਆਂ ਹਵਾਲਾ-ਪੁਸਤਕਾਂ ਦੀ ਜ਼ਰੂਰਤ ਹੈ, ਜੋ ਖੋਜੀਆਂ ਲਈ ਸਹਾਈ ਹੋ ਸਕਣ ਤੇ ਇਹ 'ਤੁਕ-ਤਤਕਰਾ' ਹਰ ਅਭਿਲਾਸ਼ੀ ਦੀ ਪਹਿਲੀ ਲੋੜ ਪੂਰੀ ਕਰਨ ਵਾਲਾ ਹੈ।

ਇਸ ਸਦੀ ਦੇ ਮੁੱਢ ਵਿਚ ਜਦੋਂ ਅਕਾਲੀ ਜੀ ਨੇ ਇਕੱਲਿਆਂ ਇਹ ਕਾਰਜ ਅਰੰਭਿਆ, ਉਸ ਸਮੇਂ ਅੱਜ ਵਰਗੇ ਸਾਧਨ ਪ੍ਰਾਪਤ ਨਹੀਂ ਸਨ। ਇਸ ਕਰਕੇ ਇਸ ਕੰਮ ਵਿਚ ਜ਼ਰਾ ਮਾਸਾ ਊਣਤਾਈ ਰਹਿ ਜਾਣਾ ਸੁਭਵਾਕ ਸੀ। ਭਾਸ਼ਾ ਵਿਭਾਗ ਨੇ ਇਸ ਦੀ ਸੋਧੀ ਐਡੀਸ਼ਨ ਛਾਪੀ ਹੈ, ਜੋ ਵਿਦਵਾਨ ਖੋਜੀਆਂ ਦੇ ਕੰਮ ਆਉਣ ਲਾਇਕ ਹੈ।

ਮੈਂ ਜ਼ਾਤੀ ਤਜਰਬੇ ਦੇ ਆਧਾਰ ਤੇ ਕਹਿ ਸਕਦਾ ਹਾਂ ਕਿ ਮੈਂ ਗੁਰੂ ਗ੍ਰੰਥ ਸਾਹਿਬ ਦੇ ਚਾਰ ਕੋਸ਼ (ਗੁਰਬਾਣੀ ਕੋਸ਼, ਸ੍ਰੀ ਗੁਰੂ ਗ੍ਰੰਥ ਵਿਚਾਰ ਕੋਸ਼, ਸ੍ਰੀ ਗੁਰੂ ਗ੍ਰੰਥ ਸੰਕੇਤ ਕੋਸ਼, ਤੇ ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼) ਤਿਆਰ ਕੀਤੇ, ਸਭਨਾਂ ਦੀ ਤਿਆਰੀ ਵਿਚ ਇਹ ਤੁਕ-ਤਤਕਰਾ ਸਦਾ ਸਹਾਈ ਹੁੰਦਾ ਰਿਹਾ ਹੈ, ਇਸ ਕਰਕੇ ਮੈਂ ਇਸ ਦੇ ਮਹੱਤਵ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ। ਇਸ ਕਲਮੀ ਸੇਵਾ ਤੋਂ ਇਲਾਵਾ ਅਕਾਲੀ ਜੀ ਨੇ ਅਨਾਥ ਕਸ਼ਮੀਰੀ ਬੱਚਿਆਂ ਲਈ ਚੱਕਾਰ ਨਾਮੀ ਪਹਾੜੀ ਇਲਾਕੇ ਤੇ ਇਕ ਵਿਦਿਆਲਾ ਵੀ ਸਥਾਪਤ ਕੀਤਾ ਸੀ, ਜਿਸ ਵਿਚ ਸੈਂਕੜੇ ਬੱਚੇ ਪੜ੍ਹਦੇ ਸਨ। ਅੱਜ ਲੋੜ ਹੈ ਕਿ ਉਨ੍ਹਾਂ ਦੇ ਇਸ ਉਪਕਾਰ ਦੀ ਯਾਦਗਾਰ ਨੂੰ ਸੁਰਜੀਤ ਕੀਤਾ ਜਾਵੇ ਤੇ ਕਸ਼ਮੀਰ ਸਰਕਾਰ ਇਸ ਲਈ ਯੋਗ ਉਪਰਾਲਾ ਕਰੇ।


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਜੇਲ੍ਹ ਚਿੱਠੀਆਂ | ੩੦-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਗੁਰਮਤਿ ਲੇਖ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ ? ੨-੫੦ ਅੰਮ੍ਰਿਤ ਕਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਆਸਤਕ ਤੇ ਨਾਸਤਕ ੦-੭ ਬਾਬਾ ਵੈਦ ਰੋਗੀਆਂ ਦਾ | ੧-੦੦ |
| ਉਮਰ ਕੈਦੀ ਦਾ ਸੁਪਨਾ | ੧-੨੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਕੋ ਵਿਰਲਾ ਗੁਰਮਤਿ ਚਲੈ ਜੀਉ | ੦-੭੫ |
| ਸੱਚੀਆਂ ਦਾੜ੍ਹੀਆਂ ੦-੭੫ ਸਿਖ ਕੌਣ ਹੈ ? | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੦-੫੦ |


www.AKJ.Org

# ਖ਼ਾਲਸੇ ਦਾ ਕਿਰਦਾਰ

[ਸ: ਅਤਰ ਸਿੰਘ ਜੀ 'ਨੀਰ', 62 ਸੈਨਕ ਵਿਹਾਰ, ਦਿਲੀ 34]

ਗੰਗਾ ਜਮਨਾ ਨਦੀਆਂ ਵਗਦੀਆਂ ਅਪਣੇ ਤ੍ਰਾਣ। ਇਨ੍ਹਾਂ ਵਿਚਾਲੀ ਧਰਤੀ ਹੀਰਿਆਂ ਦੀ ਜਿਉਂ ਖਾਣ।
ਜ਼ਾਬਰ ਮਾਲਕ ਇਥੋਂ ਦੇ ਰੁਹੇਲੇ ਮੂੜ੍ਹ ਪਠਾਣ। ਜ਼ੁਲਮ ਕਰੇਂਦੇ ਰਾਤ ਦਿਨ ਤਰਸ ਰਤਾ ਨਾ ਖਾਣ।
ਜਲਾਲਾਬਾਦ ਦਾ ਪਰਗਣਾ, ਇਸ ਦੇ ਵਿਚ ਗੁੰਜਾਨ। ਹਾਕਮ ਇਥੇ ਹੈਂਕੜੀ, ਬਦਨੀਤਾ ਹਸਨਾ ਖ਼ਾਨ।

ਬਹੁਤ ਨਿਕੰਮਾ ਮੂੰਹ ਜ਼ੋਰ, ਦੁਰਾਚਾਰੀ ਅੱਯਾਸ਼। ਹਿੰਦੂ ਦੀ ਹਰ ਚੀਜ਼ ਤੇ, ਮਾਲਕੀ ਉਸਦੀ ਖ਼ਾਸ।
ਜੋ ਆਵੇ ਸੋ ਖਿਚ ਲਏ, ਜਿਵੇਂ ਕਸਾਈ ਮਾਸ। ਛਡੇ ਮਾਲ ਜਾਗੀਰ ਨਾ, ਨਾ ਦੌਲਤ ਨਾ ਰਾਸ।
ਹਿੰਦੂ-ਜਾਈਆਂ ਸਹਿਮੀਆਂ, ਲੈਂਦੀਆਂ ਲੁਕ ਲੁਕ ਸਾਸ। ਬੋਲਣ ਦੀ ਵੀ ਜੁਰਤ ਨ, ਜੰਞੂ ਵਾਲਿਆਂ ਪਾਸ।

ਸੱਜ-ਵਿਆਹੀ ਕੰਨਿਆ, ਇਕ ਬ੍ਰਾਹਮਣ ਦੀ ਜਾਣ। ਲੈ ਗਿਆ ਜਬਰੀ ਚੁਕ ਕੇ ਪਾਪੀ ਹਸਨਾ ਖਾਨ।
ਹਿੰਦੂ ਰਹਿ ਗਿਆ ਵੇਖਦਾ, ਤਕਦਾ ਰਿਹਾ 'ਜਵਾਨ'। ਬਹੁੜਿਆ ਦਰਦੀ ਕੋਈ ਨਾ, ਧੀਰਜ ਦੇਵੇ ਆਣ।
ਬੇਬੱਸ ਹੋ ਕੇ ਬਹਿ ਗਈ, ਦੇਵਾਂ ਦੀ ਸੰਤਾਨ। ਪੰਡਤ ਵੇਖੇ ਜ਼ਿਮੀਂ ਵਲ, ਕਦੇ ਤਕੇ ਅਸਮਾਨ।

ਪਿਟਿਆ ਬ੍ਰਾਹਮਣ ਰਜ ਕੇ ਗਿਆ ਮਰਹਟਿਆਂ ਕੋਲ। ਫੇਰ ਜਗਾਏ ਜਾਟ ਜਾ, ਮਾਰ ਕੇ ਉਸ ਨੇ ਢੋਲ।
ਰਾਜਪੂਤ ਤੇ ਠਾਕੁਰਾਂ ਨੂੰ, ਕਹਿਆ ਉਸਨੇ ਬੋਲ। ਹਾਥੀਪਾਲ ਜਾਗੀਰਦਾਰ ਵੀ ਡਿੱਠੇ ਉਸ ਨੇ ਟੋਲ।
ਕਿਸੇ ਵੀ ਹਾਮੀ ਭਰੀ ਨਾ, ਭਰੀ ਨ ਉਸਦੀ ਝੋਲ। ਗਿਟੀਆਂ ਗਿਣਦਾ ਮੁੜ ਪਿਆ ਕਰਦਾ ਮਨ ਨਾਲ ਘੋਲ।

ਹੰਝੂਆਂ ਦੀ ਨੈਂ ਤਰਦਿਆਂ ਆਇਆ ਉਸਨੂੰ ਖ਼ਿਆਲ। ਕਿਰਨ ਆਸ ਦੀ ਇਕ ਸਿਰਫ਼, ਖਾਲਸਾ ਦੀਨ ਦਯਾਲ।
ਹੀਣੇ ਤੇ ਕਮਜ਼ੋਰ ਦੇ ਦੁਖ ਸੁਖ ਦਾ ਭਈਵਾਲ। ਜਿਸਦਾ ਕੋਈ ਨ ਬਣੇ, ਉਸਦੀ ਬਣਦਾ ਢਾਲ।
ਜ਼ਾਲਮ ਜ਼ੁਲਮ ਨੂੰ ਗਾਲਦਾ, ਜਿਉਂ ਤਸਲੇ ਦੀ ਦਾਲ। ਰੋਂਦਾ ਢਾਹੀਂ ਮਾਰਦਾ ਆ ਗਿਆ ਤਖ਼ਤ ਅਕਾਲ।

ਜੁੜਿਆ ਹੈਸੀ ਖਾਲਸਾ, ਲਗਾ ਹੋਇਆ ਦੀਵਾਨ। 'ਹਾ' ਦਾ ਨਾਹਰਾ ਮਾਰਿਆ, ਰੋਂਦੇ ਬ੍ਰਾਹਮਣ ਆਣ।
ਸੱਜ-ਵਿਆਹੀ ਕੰਨਿਆ ਲੈ ਗਿਆ ਮਿਰੀ ਪਠਾਣ। ਮੈਂ ਹਰ ਥਾਂ ਪਾਏ ਵਾਸਤੇ, ਮੈਂ ਗਾਹਿਆ ਹਿੰਦੁਸਤਾਨ।
ਕਛੀਂ ਪਾ ਕੇ ਮੂੰਹ ਸਭ, ਸੌਂ ਗਏ ਲੰਮੀਆਂ ਤਾਣ। ਕਲਗੀਧਰ ਦੇ ਖਾਲਸਾ ! ਤੂੰ ਆਪਣਾ ਬਿਰਦ ਪਛਾਣ।

ਹਿੰਦੂ ਧਰਮ ਦੀ ਹਿਲ ਚਲੀ ਜਦੋਂ ਸੀ ਬੁਨਿਆਦ। ਤੇਗ਼ ਬਹਾਦਰ ਜੀ ਸੁਣੀ ਦੁਖੀਆਂ ਦੀ ਫ਼ਰਿਆਦ।
ਸੀਸ ਵਾਰ ਕੇ ਆਪਣਾ ਧਰਮ ਬਚਾਇਆ ਆਦਿ। ਤੁਸੀਂ ਨਾਰ ਬਚਾਅ ਲਉ, ਅਬਲਾ ਨਾ ਹੋਏ ਬਰਬਾਦ।
ਰਹੇਗੀ ਸਦਾ ਅਹਿਸਾਨਮੰਦ, ਮੇਰੀ ਜੱਦ ਔਲਾਦ। ਹਿੰਦੂ ਕੌਮ ਵੀ ਅਦਬ ਨਾਲ ਝੁਕ ਝੁਕ ਕਰੇਗੀ ਯਾਦ।

ਸੁਣ ਪੰਡਤ ਦੀ ਜੋਦੜੀ, ਰੋਹ ਦੀ ਆਈ ਕਾਂਗ। ਕਰਮ ਸਿੰਘ ਨੇ ਉਠ ਕੇ ਫੜੀ ਦੁਧਾਰੀ ਸਾਂਗ।
ਮਿਆਨ ਚੋਂ ਪਈ ਨਿਕਲੀ 'ਲਿਸ਼ਕਣੀ' ਮਾਰ ਕੇ ਚਾਂਘ। ਬੋਲੇ ਭਾਲੇ ਬਰਛੀਆਂ ਲੋਹਿਆਂ ਜੜੀ ਹੋਈ ਡਾਂਗ।
ਦੇਈਏ ਰੁਲਣ ਸੰਧੂਰ ਨਾ, ਮਿਟਣ ਨ ਦੇਈਏ ਮਾਂਗ। ਅਸਾਂ ਅਬਲਾ ਮੋੜ ਲਿਆਣੀ ਰੁਹੇਲਖੰਡ ਨੂੰ ਛਾਂਗ।

ਕਰ ਅਰਦਾਸਾ ਤੁਰ ਪਈ ਨਫ਼ਰੀ ਕਈ ਹਜ਼ਾਰ। ਬ੍ਰਾਹਮਣ ਫਿਰ ਫਿਰ ਬੋਲਦਾ ਨਮਸਕਾਰ, ਬਲਿਹਾਰ।
ਹਿੰਦੂ ਕੌਮ ਤੇ ਚਾੜ੍ਹਿਆ, ਸਿੰਘ ਜੀ ਵਡਾ ਭਾਰ। ਕਰਮ ਸਿੰਘ ਤਾਂ ਬੋਲਿਆ, ਇਹ ਸਾਡਾ ਕਿਰਦਾਰ।
ਭੀੜ ਪਿਆ ਤੇ ਅਪੜੀਏ, ਨਾ ਤਕੀਏ ਗੁਨਹਗਾਰ। ਕੋਈ ਨਹੀਂ ਅਹਿਸਾਨ ਇਹ, ਸਿਖ ਦਾ ਸਭਿਆਚਾਰ।



www.AKJ.Org

ਅਕ੍ਰਿਤਘਣਾਂ ਨੇ ਵੇਖ ਲੈ, ਕੀ ਕੀਤਾ ਗੁਰੂਆਂ ਨਾਲ। ਅਕਬਰ ਦੇ ਦਰਬਾਰ ਵਿਚ ਚਲ ਕੇ ਕੋਝੀ ਚਾਲ।
ਦਿਤੇ ਪੰਚਮ ਪਾਤਸ਼ਾਹ ਨੂੰ ਕਸ਼ਟ ਸੀ ਚੰਦੂ ਲਾਲ। ਬਾਈਧਾਰ ਦੇ ਰਾਜਿਆਂ ਦਾ ਜਾਣੇ ਸਾਰਾ ਹਾਲ।
ਗੰਗੂ, ਸੁਚਾ ਨੰਦ ਨੇ ਦਸਮ ਪਿਤਾ ਦੇ ਲਾਲ। ਚੁਗ਼ਲੀਆਂ ਖਾ ਚਿਣਵਾ ਦਿਤੇ, ਫਿਰ ਵੀ ਨਹੀਂ ਮਲਾਲ।

ਛਾਇਆ ਹੋਏ ਆਸਮਾਨ ਤੇ, ਜਿਵੇਂ ਮਕੜੀ ਦੱਲ। ਧੂੜਾਂ ਇਉਂ ਸਿਖ ਫੌਜ ਦੀਆਂ, ਚੜ੍ਹੀਆਂ ਅਰਸ਼ਾਂ ਵਲ।
ਚਲ ਸੁ ਚਲ ਚੌਪਾਸੜੇ ਮਚੀ ਪਈ ਤਰਥਲ। ਅਟਕੇ ਕੋਈ ਨ ਸਾਹਮਣੇ, ਝਾਲ ਨ ਸਕਣ ਝਲ।
ਪਿਆ ਵਖਤ ਰੁਹੇਲਿਆਂ, ਭੁਲ ਗਏ ਰਾਜ-ਮਹੱਲ। ਜਾ ਲੁਕੇ ਵਿਚ ਭੋਰਿਆਂ, ਰਿੜ੍ਹ ਕੇ ਢਿਡਾਂ ਬਲ।

ਜਲਾਲਾਬਾਦ ਦੇ ਕਿਲ੍ਹੇ ਤੇ ਸਿੰਘਾਂ ਪਾਇਆ ਜ਼ੋਰ। ਨੁਕਰਾਂ ਸਾਰੀਆਂ ਰੋਕੀਆਂ, ਕੀਤੇ ਬੰਦ ਮਘੋਰ।
ਚਾਰ ਚੁਫੇਰ ਚੋਰਾਹਿਆਂ ਤੇ, ਘੋੜੇ ਰਖੇ ਤੋਰ। ਰਣਜੀਤ ਨਗਾਰੇ ਖੜਕਦੇ, ਕਹਿਰਾਂ ਦਾ ਕੋਈ ਸ਼ੋਰ।
ਚੁੰਬੇ-ਖਾਣੇ ਆਫਰੇ ਹੋਏ ਰੁਹੇਲੇ ਢੋਰ। ਛੁਪ ਕੇ ਨਸਦੇ ਜਾਂਵਦੇ ਸੰਨ੍ਹਾਂ ਦੇ ਜਿਉਂ ਚੋਰ।

ਸਿੰਘਾਂ ਢਾਹੇ ਝੂਣ ਝੂਣ, ਜਿਉਂ ਪੱਕੇ ਹੋਏ ਬੇਰ। ਕਟ ਕਟ ਗਾਜਰਾਂ ਵਾਂਗਰਾਂ ਕਰਦੇ ਜਾਵਣ ਢੇਰ।
ਅਹਿਮਦ ਅਲੀ ਜਰਨੈਲ ਤੇ ਜਲਾਲਦੀਨ ਨੂੰ ਘੇਰ। ਕੁਟ ਕੁਟ ਏਦਾਂ ਸੁਟਿਆ, ਜਿਉਂ ਪੋਹਲੀ ਤੇ ਕੰਡੇਰ।
ਬਖਸ਼ੇ ਬਖਸ਼ੇ ਸਿੰਘ ਜੀ, ਹੋ ਰਹੀ ਚਾਰ ਚੁਫੇਰ। ਵਿਚ ਕਿਲ੍ਹੇ ਦੇ ਜਾ ਵੜੇ, ਕਲਗੀਧਰ ਦੇ ਸ਼ੇਰ।

ਘੁਰਨਿਆਂ ਵਿਚੋਂ ਢੂੰਡ ਢੂੰਡ, ਪਕੜਿਆ ਹਸਨਾ ਖਾਨ। ਮੰਜੇ ਤੇ ਪਾ ਬੰਨ੍ਹਿਆ, ਰਸੀਆਂ ਨਾਲ ਸ਼ੈਤਾਨ।
ਸੁਕੇ ਘਾਹ ਤੇ ਕਖ ਚੁਕ, ਥਲੇ ਪਾਏ ਆਣ। ਫੂਕਿਆ ਓਹਨੂੰ ਜੀਂਦਿਆਂ, ਤਕਿਆ ਸਭ ਜਹਾਨ।
ਅਬਲਾ ਨਾਲ ਸਤਿਕਾਰ ਤੇ ਪੂਰੇ ਨਾਲ ਸਨਮਾਨ। ਘਰ ਪੁਚਾਈ ਉਸ ਦੇ ਕਰ ਕੇ ਇਹ ਐਲਾਨ।

ਪੰਥ ਖਾਲਸਾ ਸਾਜਿਆ ਕਲਗੀਧਰ ਬਲਬੀਰ। ਕੁਰਬਾਨੀ, ਸੇਵਾ, ਸਿਮਰਨ, ਬਖਸ਼ ਦਿਤੀ ਜਾਗੀਰ।
ਅੰਮ੍ਰਿਤ ਰੱਬੀ ਬਖਸ਼ ਕੇ, ਭਰ ਦਿਤੀ ਤਾਸੀਰ। ਬਣਨਾ ਦੀਨ ਗਰੀਬ ਦੀ, ਬਾਂਹ ਮੋਢਾ ਤੇ ਧੀਰ।
ਸਭੇ ਸਾਂਝੀਵਾਲ ਨੇ, ਕੋਈ ਦੁਸ਼ਮਨ ਨਹੀਂ 'ਨੀਰ'। ਜ਼ੁਲਮ ਕਰੇ ਜੋ ਖ਼ਲਕ ਨਾਲ, ਵੈਰੀ ਓਹੋ ਹਕੀਰ।

---

## ਯੂਨੀਵਰਸਿਟੀ ਵਲੋਂ ਭਾਈ ਰਣਧੀਰ ਸਿੰਘ ਵਿਸ਼ੇਸ਼ ਅੰਕ

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਭਾਈ ਰਣਧੀਰ ਸਿੰਘ ਜੀ ਦੀ ਵਿਸ਼ਾਲ ਲੇਖਣੀ ਨੂੰ ਉਜਾਗਰ ਕਰਨ ਲਈ ਇਕ ਵਿਸ਼ੇਸ਼ ਅੰਕ ਜੂਨ ੧੯੯੧ ਵਿਚ ਛਾਪੇ ਜਾਣ ਦਾ ਉਦਮ ਕੀਤਾ ਜਾ ਰਿਹਾ ਹੈ, ਜਿਸ ਲਈ ਗੁਰਮਤਿ ਦੇ ਲਿਖਾਰੀਆਂ, ਪੰਥ ਦੇ ਵਿਦਵਾਨਾਂ ਨੂੰ ਇਸ ਕਾਰਜ ਵਿਚ ਸਹਿਯੋਗੀ ਬਣਨ ਲਈ ਅਪੀਲ ਹੈ। ਯੂਨੀਵਰਸਿਟੀ ਅਨੁਸਾਰ ਹੇਠ ਲਿਖੇ ਖੇਤਰਾਂ ਦੇ ਪ੍ਰਤੀਨਿਧ ਵਜੋਂ ਭਾਈ ਸਾਹਿਬ ਜੀ ਬਾਰੇ ਲਿਖਿਆ ਜਾ ਸਕਦਾ ਹੈ--

(੧) ਭਾਈ ਸਾਹਿਬ ਗੁਰਮਤਿ ਦੇ ਯੋਗ-ਦਾਨੀ। (੨) ਭਾ: ਸਾ: ਇਕ ਰਹੱਸਵਾਦੀ ਲੇਖਕ। (੩) ਭਾ: ਸਾ: ਲਿਖਤਾਂ ਵਿਚੋਂ ਨਾਮ ਅਭਿਆਸ ਕਮਾਈ ਦਾ ਪ੍ਰਸੰਗ-ਸਿਰਜਣ। (੪) ਭਾ: ਸਾ: ਸਿਖ ਸਿਆਸਤ ਦੇ ਵਿਆਖਿਆਕਾਰ। (੫) ਭਾ: ਸਾ: ਗੁਰਮਤਿ ਦੇ ਵਿਆਖਿਆਕਾਰ। (੬) ਭਾ: ਸਾ: ਧਰਮ ਮੀਮਾਂਸੀ (Theologion)। (੭) ਭਾਈ ਸਾਹਿਬ ਸ਼ੈਲੀਕਾਰ ਵਜੋਂ। (੮) ਭਾ: ਸਾ: ਰਚਨਾਵਾਂ ਦਾ ਵਿਸ਼ਾ-ਅਧਿਐਨ। (੯) ਭਾ: ਸਾ: ਰਚਨਾਵਾਂ ਦਾ ਭਾਸ਼ਾਗਤ ਅਧਿਐਨ। (੧੦) ਭਾਈ ਸਾਹਿਬ ਨਿਬੰਧਕਾਰ ਵਜੋਂ। (੧੧) ਭਾ: ਸਾ: ਸ੍ਵੈ-ਜੀਵਨੀ (Biography) ਲੇਖਕ ਵਜੋਂ। (੧੨) ਸਿਖ-ਰਹਿਤ ਦੇ ਵਿਆਖਿਆਕ ਭਾ: ਸਾ:। (੧੩) ਭਾਈ ਸਾਹਿਬ ਦੀ ਜੀਵਨੀ ਤੇ ਸਿਖਿਆ। (੧੪) ਭਾਈ ਸਾਹਿਬ ਜੀ ਬਾਰੇ ਬਾਰੇ ਨਿਜੀ ਅਨੁਭਵ।

ਇਸ ਤੋਂ ਬਾਹਰ ਵੀ ਕੋਈ ਹੋਰ ਵਿਸ਼ਾ ਲਿਆ ਜਾ ਸਕਦਾ ਹੈ। ਲੇਖਕ ਸਜਣ ਆਪਣੀਆਂ ਰਚਨਾਵਾਂ ਹੇਠ ਲਿਖੇ ਪਤੇ ਤੇ ਭੇਜਣ ਦੀ ਕਿਰਪਾ ਕਰਨ--

ਡਾਕਟਰ ਬਲਕਾਰ ਸਿੰਘ

ਮੁਖੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੧੨)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

## ਸ਼ਮਸ ਖ਼ਾਨ ਤੇ ਬਾਜ਼ੀਦ ਖ਼ਾਨ ਦੀ ਸਿੱਖਾਂ ਨਾਲ ਟੱਕਰ, ਤੇ ਦੋਹਾਂ ਦਾ ਮਰਨਾ–

ਜਦ ਦਾ ਬੰਦਾ ਸਿੰਘ ਲੋਹਗੜ੍ਹ ਛੱਡ ਕੇ ਗਿਆ, ਅਮੀਰਾਂ ਤੇ ਫ਼ੌਜ ਦੀ ਰੂਹ ਟਹਿਕ ਉੱਠੀ। ਅਮੀਰਾਂ ਨੂੰ ਹੁਣ ਮੌਜ ਮਸਤੀ ਕਰਨ ਦਾ ਚੰਗਾ ਸਮਾਂ ਲਭਾ। ਬਾਦਸ਼ਾਹ ਦਾ ਗੁੱਸਾ ਵੀ ਠੰਡਾ ਹੋ ਚੁਕਾ ਸੀ। ਬੰਦਾ ਸਿੰਘ ਦੀ ਕੋਈ ਦਸ-ਧੁਖ ਤਾਂ ਪੈਂਦੀ ਨਹੀਂ ਸੀ। ਲਾਹੌਰ ਵਲ ਤੁਰਨ ਤੋਂ ਪਹਿਲਾਂ ਪਹਾੜ ਦੀ ਕੰਢੀ ਦੇ ਸ਼ਿਕਾਰ ਦਾ ਅਨੰਦ ਮਾਣਨ ਲੱਗੇ। ਇਹ ਸਮਝਦੇ ਸਨ ਕਿ ਬਲਾਅ ਗਲੋਂ ਲੱਥ ਗਈ ਹੈ ਤੇ ਹੁਣ ਮੌਜਾਂ ਮਾਣੋ। "ਪਰ ਬੰਦਾ ਸਿੰਘ ਐਸੀ ਬਲਾਅ ਨਹੀਂ ਸੀ, ਜੋ ਮੁਗ਼ਲ-ਸ਼ਾਹੀ ਦੀਆਂ ਜੜ੍ਹਾਂ ਹਿਲਾਏ ਬਿਨਾਂ ਹੀ ਬਾਦਸ਼ਾਹ ਦਾ ਪਿਛਾ ਛੱਡ ਜਾਂਦਾ।" ਪਹਾੜੀ ਰਾਜਿਆਂ ਨੂੰ ਕਲਗੀਧਰ ਨਾਲ ਅਕਾਰਨ ਵੈਰ ਕਮਾਉਣ ਲਈ ਕਰਣੀ ਦਾ ਫਲ ਭੁਗਤਾ ਕੇ ਪਹਾੜਾਂ ਵਿਚ ਦੀ ਹੁੰਦਾ ਹੋਇਆ ਪਠਾਨਕੋਟ ਲਾਗੋਂ ਰਾਇਪੁਰ ਤੇ ਬਹਿਰਾਮਪੁਰ ਗਿਰਦੇ ਆਣ ਸਿਰ ਕਢਿਆ। ਬਾਦਸ਼ਾਹ ਅਜੇ ਸਢੌਰੇ ਦੇ ਲਾਗੇ-ਬੰਨੇ ਹੀ ਪਿਆ ਸੀ ਕਿ ਬੰਦਾ ਸਿੰਘ ਨੇ ਏਧਰ ਆਣ ਪੰਜਾ ਮਾਰਿਆ। ਤਕੜੀ ਕਾਮਯਾਬੀ ਪ੍ਰਾਪਤ ਕੀਤੀ।

ਉਸ ਵੇਲੇ ਇਹ ਇਲਾਕਾ ਜਮੂੰ ਦੀ ਅਮਲਦਾਰੀ ਵਿਚ ਸੀ। ਬਾਜ਼ੀਦ ਖ਼ਾਨ ਕਸੂਰੀਆ ਇਥੋਂ ਦਾ ਫ਼ੌਜਦਾਰ ਸੀ। ਜਿਸ ਵੇਲੇ ਸ਼ਾਹੀ ਸੈਨਾ ਨੇ ਸਢੌਰੇ ਡੇਰੇ ਲਾਏ ਤਾਂ ਇਹ ਸਿੱਧਾ ਹੀ ਇਸ ਇਲਾਕੇ ਵਲ ਆ ਗਿਆ। ਇਸ ਦਾ ਭਤੀਜਾ ਸ਼ਮਸਖ਼ਾਨ ਸਰਹੰਦ ਮਾਰਨ ਦੇ ਕਸੂਰ ਵਿਚ ਬਾਦਸ਼ਾਹ ਵਲੋਂ ਜਲੰਧਰ ਬਜਵਾੜੇ ਦੀ ਫ਼ੌਜਦਾਰੀ ਤੋਂ ਬਰਖ਼ਾਸਤ ਕੀਤਾ ਗਿਆ ਸੀ[1]। ਇਹ ਇਨ੍ਹੀਂ ਦਿਨੀਂ ਹੱਥਲ ਹੋਇਆ ਫਿਰਦਾ ਸੀ। ਬੇਕਾਰੀ ਦੀ ਹਾਲਤ ਵਿਚ ਹੋਣ ਕਰਕੇ ਆਪਣੇ ਚਾਚੇ ਪਾਸ ਹੀ ਆ ਗਿਆ। ਜਿਸ ਵੇਲੇ ਬੰਦਾ ਸਿੰਘ ਪਠਾਨਕੋਟ ਵਲ ਆਇਆ, ਬਾਜ਼ੀਦ ਖ਼ਾਨ-ਰਾਇਪੁਰ ਵਿਚ ਰਹਿੰਦਾ ਸੀ।

ਇਕ ਦਿਨ ਬਾਜ਼ੀਦ ਖ਼ਾਨ, ਸ਼ਮਸਖ਼ਾਨ ਤੇ ਸ਼ਮਸਖ਼ਾਨ ਦਾ ਭਣਵੀਆ ਸ਼ਹਿਦਾਦ ਖ਼ਾਨ ਫ਼ੌਜ ਲੈ ਕੇ ਰਾਇਪੁਰੋਂ ੧੬ ਕੋਹ ਉੱਤਰ ਵਲ ਝੁਕਦੇ ਹੋਏ ਪਛਮ ਵਾਲੇ ਪਾਸੇ ਵਲ ਕਿਸੇ ਸਰਕਾਰੀ ਕੰਮ ਗਏ ਹੋਏ ਸਨ। ਬਾਜ਼ੀਦ ਖ਼ਾਨ ਨੂੰ ਇਥੇ ਖ਼ਬਰਾਂ ਮਿਲੀਆਂ ਕਿ ਰਾਇਪੁਰ ਬਹਿਰਾਮਪੁਰ ਪਾਸ ਬੰਦਾ ਸਿੰਘ ਨੇ ਸਿਰ ਆ ਕਢਿਆ ਹੈ। ਇਹ ਗੱਲ ਸੁਣਦਿਆਂ ਹੀ ਬਾਜ਼ੀਦ ਖ਼ਾਨ[2] ਨੇ ਸ਼ਮਸ ਖ਼ਾਨ ਦੇ ਭਣਵਈਏ ਸ਼ਹਿਦਾਦ ਖ਼ਾਨ ਨੂੰ ਡੇਢ ਹਜ਼ਾਰ ਸਵਾਰ ਦੇ ਕੇ ਰਾਇਪੁਰ ਵਲ ਤੁਰੰਤ ਰਵਾਨਾ ਕਰ ਦਿਤਾ ਕਿ ਉਥੋਂ ਦੀ ਰਾਖੀ ਕਰੇ ਤੇ ਜੇਕਰ ਬੰਦਾ ਸਿੰਘ ਆਣ ਪਵੇ ਤਾਂ ਤਕੜਾ ਹੋ ਕੇ ਉਸ ਦਾ ਟਾਕਰਾ ਕਰੇ। ਇਹ ਤਾਂ ਬੜੀ ਕਾਹਲੀ ਨਾਲ ਰਾਇਪੁਰ ਪੁਜਾ ਤੇ ਜਾਂਦਿਆਂ ਆਪਣੀ ਪੂਰੀ ਤਿਆਰੀ ਕਰ ਲਈ। ਪਰ ਬਾਜ਼ੀਦ ਖ਼ਾਨ ਤੇ ਸ਼ਮਸ ਖ਼ਾਨ ਬਾਕੀ ਦੇ ਨੌਂ ਸੌ ਸਵਾਰਾਂ ਨੂੰ ਨਾਲ ਲੈ ਕੇ ਹੌਲੀ ਹੌਲੀ ਆਪਣੀ ਮਨ-ਮਰਜ਼ੀ ਦੀ ਚਾਲੇ ਆਏ। ਉਨ੍ਹਾਂ ਨੂੰ ਇਹ ਸੀ ਕਿ ਬੰਦੇ ਦੀ ਸ਼ਕਤੀ ਟੁਟ ਚੁਕੀ ਹੈ। ਜੋ ਥੋੜੇ ਬਹੁਤ ਆਦਮੀ ਉਸ ਨਾਲ ਹੋਣਗੇ, ਉਨ੍ਹਾਂ ਲਈ ਸ਼ਹਿਦਾਦ ਖ਼ਾਨ ਕਾਫ਼ੀ ਹੈ। ਜਦ ਇਸ ਤਰ੍ਹਾਂ ਆਹਿਸਤਾ ਆਹਿਸਤਾ ਚਲਦੇ ਹੋਏ ਅੱਧ ਰਾਹ ਅਪੜੇ ਤਾਂ ਸ਼ਿਕਾਰ ਖੇਡਣ ਨੂੰ ਮਨ ਕਰ ਆਇਆ, ਸ਼ਿਕਾਰ ਕਾਫ਼ੀ ਹੋਣ ਕਰਕੇ ਓਥੇ ਹੀ ਡੇਰੇ ਲਾ ਦਿਤੇ। ਇਸ ਮਨ-ਪਰਚਾਵੇ ਵਿੱਚ ਅੰਜੇ ਰੁਝੇ ਹੀ ਸਨ ਕਿ ਖ਼ਬਰ ਆਈ ਕਿ ਸਿੰਘ ਤਾਂ ਬਹੁਤ ਨੇੜੇ ਆਣ ਢੁਕੇ ਹਨ। ਸੰਭਵ ਹੈ ਡੇਰਾ ਹੀ ਲੁਟ ਲੈਣ। ਇਹ ਸੁਣਦਿਆਂ ਹੀ ਸ਼ਿਕਾਰ ਦਾ ਸ਼ੌਕ ਹਵਾ ਹੋ ਗਿਆ। ਛੇਤੀ ਨਾਲ ਡੇਰੇ ਵਲ ਆ ਕੇ ਸਭ ਸਵਾਰ ਤਿਆਰ ਕਰ ਲਏ।

ਕੁਤੱਬੁਦੀਨ ਖ਼ਾਂ ਖ਼ੇਸ਼ਗਈ ਯਾਅਨੀ ਬਾਜ਼ੀਦ ਖ਼ਾਂ ਨੇ ਸਿੰਘਾਂ ਨਾਲ ਹੋ ਚੁਕੀਆਂ ਟੱਕਰਾਂ ਵਿਚ ਸਿੰਘਾਂ ਦੇ ਹੱਥ ਵੇਖੇ ਸਨ। ਲੜਾਈ ਵਿਚ ਇਨ੍ਹਾਂ ਦਾ ਕਿੰਨਾ ਕੁ ਦਮ ਹੈ ਤੇ ਕੀ ਕੁਝ ਕਰ ਗੁਜ਼ਰਨ ਦੇ ਸਮਰੱਥ ਹਨ, ਉਸ ਨੂੰ ਇਸ ਬਾਰੇ ਪੂਰਾ ਤਜਰਬਾ ਸੀ। ਇਹੋ ਸਬੱਬ ਸੀ ਕਿ ਉਹ ਪਾਣੀਪਤ ਬੈਠ ਰਿਹਾ ਸੀ। ਪਰ ਸ਼ਮਸ ਖ਼ਾਂ ਚੜ੍ਹਦੀ ਜਵਾਨੀ ਦੇ


www.AKJ.Org

ਜ਼ੋਰ ਤੇ ਜੋਸ਼ ਕਾਰਨ ਜ਼ਰਾ ਤੁੰਦ-ਮਿਜ਼ਾਜ ਸੀ ਤੇ ਕਿਸੇ ਨੂੰ ਪੱਲੇ ਨਹੀਂ ਸੀ ਬੰਨ੍ਹਦਾ। ਸਰਹੰਦ ਮਾਰ ਕੇ ਉਹ ਸਮਝ ਬੈਠਾ ਸੀ ਕਿ ਸਿੰਘਾਂ ਨੂੰ ਲੜਾਈ ਵਿਚ ਭਜਾ ਦੇਣਾ ਕੋਈ ਔਖੀ ਗੱਲ ਨਹੀਂ। ਸਿਰਫ਼ ਉਹਦੇ ਜ਼ਰਾ ਸਾਮ੍ਹਣੇ ਹੋਣ ਦੀ ਹੀ ਡੇਰ ਹੈ, ਸਿੰਘਾਂ ਵੇਂਹਦਿਆਂ ਹੀ ਹਰਨ ਹੋ ਜਾਣਾ ਹੈ। ਚਾਚੇ ਨੂੰ ਦਲੇਰੀਆਂ ਦੇਵੇ ਕਿ ਵੇਂਹਦੇ ਚਲੋ ਅੱਜ ਅੱਲਾ ਮੀਆਂ ਕੀ ਰੰਗ ਵਿਖਾਉਂਦਾ ਹੈ।

ਕੁਤੱਬੁਦੀਨ ਖਾਂ ਤਾਂ ਬੜਾ ਜ਼ੋਰ ਲਾਇਆ ਕਿ ਰਾਇਪੁਰ ਚੱਲ ਕੇ ਸਾਰੀ ਫ਼ੌਜ ਇਕੱਠੀ ਕਰੀਏ ਤੇ ਤੋਪਖਾਨਾ ਨਾਲ ਲੈ ਕੇ ਬੰਦੇ ਉਤੇ ਪਈਏ। ਤਿੰਨਾਂ ਪਾਸਿਆਂ ਤੋਂ ਘੇਰਾ ਘਤੀਏ ਤੇ ਅੱਜ ਕਿਸੇ ਨੂੰ ਜਾਣ ਨਾ ਦੇਈਏ। ਪਰ ਸ਼ਮਸ ਖ਼ਾਂ ਕਹੇ ਕਿ ਰੱਬ ਨੇ ਮਸਾਂ ਢੋਅ ਢੁਕਾਇਆ ਹੈ, ਹੱਲਾ ਕਰਨ ਦਾ ਇਹੋ ਵੇਲਾ ਹੈ, ਰਾਇਪੁਰ ਅਪੜਦਿਆਂ ਤੀਕ, ਪਤਾ ਨਹੀਂ ਇਹ ਕਿਧਰ ਦੀ ਕਿਧਰ ਨਿਕਲ ਜਾਣ। ਇਨ੍ਹਾਂ ਦੀ ਅਜ਼ਲ ਘੇਰ ਲਿਆਈ ਹੈ। ਇਨ੍ਹਾਂ ਨੂੰ ਦੋਜ਼ਖ ਵਲ ਤੋਰ ਕੇ ਪਿਛਲੀ ਕਸਰ ਕਢੀਏ ਤੇ ਇੰਜ ਇਸਲਾਮ ਦੀ ਸੇਵਾ ਨਾਲ ਸਵਾਬ ਵਾਧੇ ਵਿਚ ਖਟੀਏ। ਕੁਤੱਬੁਦੀਨ ਖ਼ਾਂ ਦੀ ਪੇਸ਼ ਨਾ ਗਈ। ਉਹ ਬਥੇਰਾ ਰੋਕ ਰਿਹਾ, ਪਰ ਸ਼ਮਸ ਖ਼ਾਂ ਨਾ ਹੀ ਮੰਨਿਆ ਅਤੇ ਨੌਂ ਸੌ ਸਵਾਰ ਆਪਣੇ ਨਾਲ ਲੈ ਕੇ ਸਿੰਘਾਂ ਵਲ ਵਧਿਆ। ਜਦੋਂ ਉਨ੍ਹਾਂ ਦੇ ਪਾਸ ਪੁਜਾ ਤਾਂ ਅਜੇ ਗੋਲੀ ਵੀ ਨਹੀਂ ਦਾਗੀ ਸੀ ਕਿ ਸਿੰਘ ਵੇਂਹਦਿਆਂ ਸਾਰ ਹਰਨ ਹੋ ਗਏ। ਲੜਾਈ ਵੇਲੇ ਇੰਜ ਅੱਗੇ ਲੱਗ ਕੇ ਭਜ ਜਾਣਾ ਅਸਲ ਵਿਚ ਸਿੰਘਾਂ ਦਾ ਇਕ ਹਥਕੰਡਾ ਸੀ, ਜੋ ਆਪ ਨਾਲੋਂ ਬਹੁਤੀ ਗਿਣਤੀ ਵੇਲੇ ਉਹ ਵਰਤਦੇ, ਤੇ ਜਦ ਇਹ ਦਾਅ ਫੱਬ ਜਾਂਦਾ ਤਾਂ ਮਗਰ ਪੈਣ ਵਾਲਾ ਸਿੱਧਾ ਮੌਤ ਦੇ ਮੂੰਹ ਵਿਚ ਧਕਿਆ ਜਾਂਦਾ ਕਦੀ ਕੋਈ ਪਰਤ ਕੇ ਦਸਣ ਨਾ ਆਇਆ ਕਿ ਉਨ੍ਹਾਂ ਨਾਲ ਕੀ ਬੀਤੀ। ਉਂਜ ਸਭ ਲਿਖਾਰੀ ਸਿੰਘਾਂ ਦੇ ਇਸ ਤਰ੍ਹਾਂ ਭਜ ਜਾਣ ਨੂੰ ਉਨ੍ਹਾਂ ਦੀ ਭਾਂਜ ਹੀ ਲਿਖਦੇ ਰਹੇ ਹਨ, ਪਰ ਅਸਲ ਵਿਚ ਸਾਰਿਆਂ ਨੇ ਭੁਲ ਕੀਤੀ ਹੈ। ਸਿੰਘਾਂ ਦੇ ਲੜਨ-ਢੰਗ ਦੇ ਅਸਲ ਭਾਵ ਨੂੰ ਕੁਝ ਕੁ ਤਹਿਮਾਸ ਖ਼ਾਂ ਮਸਕੀਨ ਨੇ ਤੇ ਚੰਗੀ ਤਰ੍ਹਾਂ ਕਾਜ਼ੀ ਨੂਰ ਮੁਹੰਮਦ ਨੇ ਹੀ ਸਮਝਿਆ ਹੈ, ਜੋ ਅਹਿਮਦ ਸ਼ਾਹ ਅਬਦਾਲੀ ਦੇ ਨਾਲ ਉਸ ਦੀ ਉਸ ਮੁਹਿੰਮ ਵਿਚ ਸ਼ਾਮਲ ਹੋਇਆ ਸੀ, ਜੋ ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣ ਲਈ ੧੭੬੫ ਈ: ਵਿਚ ਆਰੰਭੀ ਸੀ ਤੇ ਸਿੰਘਾਂ ਨਾਲ ਬਿਸਤ ਦੁਆਬ ਵਿਚ ਉਸਦੀਆਂ ਸਤ ਲੜਾਈਆਂ ਹੋਈਆਂ ਸਨ ਤੇ ਉਹ ਇਹ ਸਭ ਯੁਧ ਅੱਖੀਂ ਵੇਖ ਕੇ ਗਿਆ ਸੀ। ਉਹ ਆਪਣੀ ਕਿਤਾਬ ਜੰਗਨਾਮੇ ਵਿਚ ਇਨ੍ਹਾਂ ਯੁਧਾਂ ਦਾ ਵੇਰਵਾ ਦੇਂਦਾ ਹੋਇਆ ਸਿੰਘਾਂ ਦੇ ਲੜਨ-ਢੰਗ ਬਾਰੇ ਲਿਖਦਾ ਹੈ ਅਤੇ ਅਫ਼ਗਾਨ ਤੇ ਬਲੋਚ ਸੂਰਮਿਆਂ ਨੂੰ ਸਮਝਾਉਣੀ ਦੇਂਦਾ ਹੈ : ਸਿੰਘ ਲੜਦੇ ਲੜਦੇ ਏਕਾ ਏਕ ਹੀ ਭਜ ਨਿਕਲਦੇ ਹਨ, ਪਰ ਇਸ ਨੂੰ ਉਨ੍ਹਾਂ ਦੀ ਭਾਂਜ ਨਹੀਂ ਸਮਝਣਾ ਚਾਹੀਦਾ, ਕਿਉਂਕਿ ਜਦ ਕਦੀ ਕਿਸੇ ਨੇ ਇਨ੍ਹਾ ਦਾ ਪਿੱਛਾ ਕੀਤਾ ਤਾਂ ਦੋ ਚਾਰ ਕੋਹ ਦੀ ਵਿਥ ਤੇ ਜਾ ਕੇ ਉਸ ਨੂੰ ਆਪਣੀ ਭੁਲ ਦਾ ਪਤਾ ਲੱਗ ਗਿਆ। ਉਹ ਵਾਪਸ ਜੀਉਂਦਾ ਨਹੀਂ ਪਰਤਿਆ। ਜਦ ਸਿੰਘ ਵੇਖਦੇ ਹਨ ਕਿ ਬਾਕੀ ਫ਼ੌਜ ਨਾਲੋਂ, ਉਨ੍ਹਾਂ ਦੇ ਪਿਛੇ ਲੱਗਾ ਦਸਤਾ, ਅੱਡ ਹੋ ਗਿਆ ਹੈ ਤੇ ਕਾਫ਼ੀ ਦੂਰ ਨਿਕਲ ਆਇਆ ਹੈ ਤਾਂ ਉਸੇ ਫੁਰਤੀ ਨਾਲ ਸਾਰੇ ਪਲਟ ਕੇ ਇਕੱਠੇ ਹੋ ਜਾਂਦੇ ਹਨ ਜਿਸ ਫੁਰਤੀ ਨਾਲ ਨਠ ਕੇ ਖਿੰਡੇ ਸਨ। ਇਹ ਸਿੰਘਾਂ ਨੂੰ ਮਾਰਨ ਆਏ ਉਨ੍ਹਾਂ ਦੇ ਨਰਗੇ ਵਿਚ ਆ ਜਾਂਦੇ ਹਨ, ਤੀਰ, ਗੋਲੀਆਂ, ਨਜ਼ੇ, ਤੇਗਾਂ ਨਾਲ ਕੀਮਾ ਬਣਾ ਕੇ ਧਰ ਦੇਂਦੇ ਹਨ। ਇਸ ਹਾਲਤ ਵਿਚ ਪਿਛਾ ਕਰਨ ਵਾਲੇ ਦਸਤੇ ਦਾ ਕਦੀ ਕੋਈ ਆਦਮੀ ਬਚਿਆ ਹੈ? ਆਪਣੀ ਇਸ ਗੱਲ ਦੀ ਪ੍ਰੋੜ੍ਹਤਾ ਲਈ ਕਾਜ਼ੀ ਨੂਰ ਮੁਹੰਮਦ ਨੇ ਇਕ ਅੱਖੀਂ ਡਿਠੀ ਲੜਾਈ ਦਾ ਹਵਾਲਾ ਚੰਗਾ ਵਰਨਣ ਕੀਤਾ ਹੈ, ਜਿਸ ਵਿਚ ਸਿੰਘ ਪਹਿਲਾਂ ਤਾਂ ਭਜ ਨਿਕਲੇ, ਪਰ ਮਗਰੋਂ ਪਿਛਾ ਕਰਨ ਵਾਲੇ ਦਸਤੇ ਨੂੰ ਫਾਹ ਲਿਆ। ਕਾਜ਼ੀ ਆਪਣੇ ਅਫ਼ਗਾਨ ਬਿਲੋਚ-ਪਾਠਕਾਂ ਨੂੰ ਤੰਬੀਹ ਕਰਦਾ ਹੈ ਕਿ ਇੰਜ ਭਾਂਜ ਜ਼ਾਹਰ ਕਰ ਕੇ ਨੱਸੇ ਸਿੰਘਾਂ ਮਗਰ ਭੁਲ ਕੇ ਵੀ ਨਾ ਪੈਣਾ, ਮੈਂ ਦੁਬਾਰਾ ਪੱਕੀ ਕਰਦਾ ਹਾਂ ਕਿ ਉਨ੍ਹਾਂ ਦੀ ਇਸ ਫਾਹੀ ਤੋਂ ਬਚਿਓ, ਬਚਿਓ।[੩]

ਅਹਿਮਦ ਸ਼ਾਹ ਅਬਦਾਲੀ ਨੇ ਸਿੰਘਾਂ ਨਾਲ ਲੜਦਿਆਂ ਕਾਫ਼ੀ ਕੁਝ ਸਿਖ ਲਿਆ ਸੀ। ਇਹੋ ਕਾਰਨ ਸੀ ਕਿ ਉਹ ਸਿੰਘਾਂ ਨਾਲ ਹਰ ਜੰਗ ਵਿਚ ਆਪਣੇ ਅਫ਼ਸਰਾਂ ਨੂੰ ਪੱਕਾ ਹੁਕਮ ਦੇ ਦੇਂਦਾ ਸੀ ਕਿ ਸਿੰਘਾਂ ਦੀ ਭਾਂਜ ਵਿਚ ਉਨ੍ਹਾਂ ਦੇ ਪਿਛੇ ਨਹੀਂ ਪੈਣਾ, ਬਲਕਿ ਆਪਣੇ ਪੈਰਾਂ ਤੇ ਹੀ ਕਾਇਮ ਖੜੇ ਰਹਿਣਾ ਹੈ। ਉਹ ਇਸੇ ਵਿਚ ਆਪਣਾ ਬਚਾਅ ਸਮਝਦਾ ਸੀ।


www.AKJ.Org

ਬਸ ਐਸੀ ਹੀ ਭਾਂਜ ਸੀ ਜੋ ਸਿੰਘਾਂ ਨੇ ਸ਼ਮਸ ਖ਼ਾਨ ਹਥੋਂ ਖਾਧੀ। ਉਹ ਏਕਾ-ਏਕ ਉਸ ਦੇ ਅਗੇ ਲੱਗ ਕੇ ਭਜ ਉਠੇ। ਸ਼ਮਸ ਖ਼ਾਨ ਨੇ ਇਸ ਦਾ ਅੰਸਲੀ ਭਾਵ ਨਾ ਸਮਝਿਆ, ਉਸ ਨੂੰ ਜੋਸ਼ ਤੇ ਜਨੂੰਨ ਚੜ੍ਹਿਆ ਹੋਇਆ ਸੀ, ਮੌਕਾ ਨਾ ਸੰਭਾਲ ਸਕਿਆ ਤੇ ਬਰਾਬਰ ਪਿਛੇ ਲਗਾ ਗਿਆ। ਬਾਜ਼ੀਦ ਖ਼ਾਨ ਨੇ ਬਥੇਰਾ ਆਖਿਆ ਕਿ ਅੱਲਾ ਦੀ ਮਿਹਰ-ਬਾਨੀ ਹੋਈ ਹੈ ਤੇ ਆਪਾਂ ਨੂੰ ਜਿਤ ਦੀ ਭਲ ਦਿਤੀ ਹੈ। ਇਸ ਨੂੰ ਆਪਣੀ ਖੁਸ਼-ਨਸੀਬੀ ਸਮਝ ਕੇ ਆਪਣੀ ਫ਼ੌਜ ਇਕੱਠੀ ਕਰੀਏ ਤੇ ਫੇਰ ਮਗਰ ਜਾਈਏ, ਪਰ ਸ਼ਮਸ ਖ਼ਾਨ ਨੇ ਜਵਾਨੀ ਤੇ ਹੰਕਾਰ ਦੇ ਕਾਰਨ ਇਕ ਨਾ ਸੁਣੀ ਤੇ ਵਾਗ ਨਾ ਹੀ ਮੋੜੀ।[8] ਸਿੰਘ ਆਪਣੇ ਦਾਅ ਤੇ ਐਸੀ ਚਾਲੇ ਜਾਂਦੇ ਸਨ ਕਿ ਜੋ ਨਾ ਤਾਂ ਮਧਮ ਸੀ ਕਿ ਸ਼ਮਸ ਖ਼ਾਨ ਸਿਰ ਉਤੇ ਹੀ ਆਣ ਪੈਂਦਾ ਅਤੇ ਨਾ ਹੀ ਐਸੀ ਤੇਜ਼ ਸੀ ਕਿ ਉਹ ਮਾਯੂਸ ਹੋ ਕੇ ਪਿਛਾ ਕਰਨਾ ਛਡ ਕੇ ਵਾਪਸ ਮੁੜ ਜਾਂਦਾ। ਦੋਹਾਂ ਪਾਸਿਆਂ ਦਾ ਬਚਾਉ ਕਰਦੇ ਹੋਏ ਉਸ ਨੂੰ ਮਗਰ ਲਾਈ ਵਧੇ ਜਾ ਰਹੇ ਸਨ, ਤੇ ਹਰ ਦਮ ਆਪਣੇ ਦਾਅ ਭੁਗਨ ਦੀ ਤਾੜ ਵਿਚ ਸਨ। ਸ਼ਮਸ ਖ਼ਾਨ ਅੰਨ੍ਹੇਵਾਹ ਕਿ ਸਿਖ ਦਮੋਂ ਕਢ ਲਏ ਹਨ, ਸਹਿਲੇ ਹੀ ਮਾਰ ਲੈਣੈਂ ਦਿਤੀ ਟੱਕ ਮਗਰ ਲਗਾ ਆ ਰਿਹਾ ਸੀ।

ਜਦ ਸਿੰਘਾਂ ਵੇਖਿਆ ਕਿ ਸ਼ਮਸ ਖ਼ਾਨ ਤੇ ਕੁਤਬ ਖਾਨ (ਕੁਤੱਬੁਦੀਨ ਖ਼ਾਨ) ਨਾਲ ਹੁਣ ਥੋੜੇ ਹੀ ਸਿਪਾਹੀ ਰਹਿ ਗਏ ਹਨ ਤਾਂ ਏਕਾ ਏਕ ਹੀ ਖੜੋ ਗਏ ਤੇ ਮੁੜਦੇ-ਸਾਰ ਹੀ ਫ਼ੌਜਦਾਰ ਉਤੇ ਟੁਟ ਪਏ।

ਸਭ ਤੋਂ ਪਹਿਲਾਂ ਤਲਵਾਰਾਂ ਨਾਲ ਟਕਰੇ ਤੇ ਕਾਫ਼ੀ ਦੇਰ ਤਕ ਲੋਹੇ ਤੇ ਲੋਹਾ ਖੜਕਦਾ ਰਿਹਾ। ਬੜੀ ਗਹਿਗਚ ਲੜਾਈ ਹੋਈ। ਦੋਹਾਂ ਧਿਰਾਂ ਵਿਚੋਂ ਘਟ ਤਾਂ ਕੋਈ ਸੀ ਹੀ ਨਹੀਂ, ਜੋ ਬੁਜ਼ਦਿਲੀ ਵਿਖਾ ਕੇ ਮੈਦਾਨ ਦੂਜੇ ਲਈ ਖ਼ਾਲੀ ਛੱਡ ਜਾਂਦਾ। ਉਂਜ ਭਾਵੇਂ ਹੋਲੀ ਹੋਲੀ ਸਾਰਾ ਨੌਂ ਸੋ ਸਵਾਰ ਹੀ ਲੜਾਈ ਵਾਲੀ ਥਾਂ ਆਣ ਇਕੱਠਾ ਹੋਇਆ, ਪਰ ਜੋ ਜ਼ੋਰ ਇਕ-ਵਾਰਗੀ ਏਨੀ ਫੌਜ ਦਾ ਪੈਣਾ ਸੀ, ਉਹ ਭਲਾ ਹੁਣ ਕਿਵੇਂ ਪੈ ਸਕਦਾ ਸੀ। ਬਹੁਤ ਸਖ਼ਤ ਲੜਾਈ ਹੋਈ, ਹੱਥ ਤਲਵਾਰਾਂ ਵਾਹੁੰਦਿਆਂ ਦੇ ਥੱਕ ਗਏ। ਤਲਵਾਰਾਂ ਭੁੰਜੇ ਡਿਗ ਪਈਆਂ ਤੇ ਹੱਥੋ-ਪਾਈ ਹੋਣ ਲੱਗੇ[5]। ਸ਼ਮਸ ਖ਼ਾਨ ਤੇ ਕੁਤਬ ਖ਼ਾਨ ਦੋਵੇਂ ਅੱਡ ਅੱਡ ਹਾਥੀਆਂ ਤੇ ਸਵਾਰ ਸਨ ਤੇ ਸਿੰਘਾਂ ਨੂੰ ਆਪਣੇ ਸਾਮ੍ਹਣੇ ਵੇਖ ਕੇ ਕੱਸ ਕੱਸ ਤੀਰ ਮਾਰ ਰਹੇ ਸਨ। ਸਿੰਘਾਂ ਦਾ ਵੀ ਹੰਢੇ ਸ਼ਿਕਾਰੀ ਵਾਂਗ ਧਿਆਨ ਇਨ੍ਹਾਂ ਦੋਹਾਂ ਵੱਲ ਹੀ ਸੀ, ਇਸੇ ਲਈ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਕੇ ਇਨ੍ਹਾਂ ਵੱਲ ਹੀ ਵਧਣ ਦੀ ਕੋਸ਼ਿਸ਼ ਕਰਦੇ ਸਨ। ਹੁਣ ਕੁਝ ਮਨ-ਚਲੇ ਸਿੰਘ ਇਨ੍ਹਾਂ ਹਾਥੀਆਂ ਦੇ ਬਿਲਕੁਲ ਪਾਸ ਪੁਜ ਗਏ, ਇਨ੍ਹਾਂ ਦੇ ਸਾਥੀਆਂ ਨੇ ਬੜਾ ਤਾਣ ਲਾਇਆ ਕਿ ਇਨ੍ਹਾਂ ਨੂੰ ਹਾਥੀਆਂ ਲਾਗੋਂ ਪਰ੍ਹਾਂ ਧਕ ਦੇਈਏ, ਪਰ ਕਾਬੂ ਆਏ ਸ਼ਿਕਾਰ ਨੂੰ ਸਿੰਘ ਕਿਵੇਂ ਛਡਣ। ਬੜੀ ਭਾਰੀ ਗੁਥਮ-ਗੁਥਾ ਤੇ ਲਹੂ-ਵੀਟਵੀਂ ਲੜਾਈ ਹੋਈ ਤੇ ਸਿੰਘ ਬਿਲਕੁਲ ਹਾਥੀਆਂ ਪਾਸ ਆਣ ਪੁਜੇ। ਸ਼ਮਸ ਖ਼ਾਨ ਤਾਂ ਮਾਰਿਆ ਗਿਆ ਤੇ ਕੁਤੱਬੁਦੀਨ ਖ਼ਾਨ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ ਤੇ ਬੇਹੋਸ਼ ਹੋ ਕੇ ਡਿਗ ਪਿਆ। ਪਠਾਣ ਜਿਤ ਤੋਂ ਤਾਂ ਨਿਰਾਸ਼ ਹੋ ਹੀ ਗਏ ਸਨ, ਹੁਣ ਉਨ੍ਹਾਂ ਨੂੰ ਇਹ ਵੀ ਆਸ ਨਹੀਂ ਸੀ ਕਿ ਇਥੋਂ ਜੀਊਂਦੇ ਮੁੜਾਂਗੇ ਵੀ ਕਿ ਨਹੀਂ ? ਲੜਾਈ ਦਾ ਰੰਗ ਕੁਝ ਇਹੋ ਜਿਹਾ ਬਣਾ ਕਿ ਪਠਾਣ ਸਰਦਾਰਾਂ ਦੇ ਹਾਥੀਆਂ ਨਾਲ ਬਹੁਤ ਥੋੜੇ ਆਦਮੀ ਰਹਿ ਗਏ ਸਨ। ਲੜਾਈ ਦੀ ਖੇਡ ਜਿਹੀ ਬਣ ਗਈ। ਹਾਥੀਆਂ ਨੂੰ ਕਦੀ ਸਿੰਘ ਜ਼ੋਰ ਦੇ ਕੇ ਹਿਕ ਲੈ ਜਾਂਦੇ ਤੇ ਕਦੀ ਪਠਾਣ ਹੱਲਾ ਕਰਕੇ ਖੋਹ ਲੈਂਦੇ। ਸਰਦਾਰਾਂ ਦੀਆਂ ਲੋਥਾਂ ਵੈਰੀ ਦੇ ਘੋੜਿਆਂ ਦੇ ਪੌੜਾਂ ਹੇਠ ਰੁਲਣ ਲਈ ਛੱਡ ਜਾਣਾ ਬੜੀ ਨਮੋਸ਼ੀ ਦੀ ਗੱਲ ਸੀ। ਉਹ ਕੀ ਮੂੰਹ ਲੈ ਕੇ ਵਾਪਸ ਮੁੜਨਗੇ ? ਇਹ ਹਾਰੇ ਹੋਏ ਪਠਾਣ ਮੈਦਾਨ ਚੋਂ ਭਜ ਨਹੀਂ ਸਕਦੇ ਸਨ। ਸਰਦਾਰ ਤਾਂ ਮਾਰੇ ਗਏ ਸਨ ਤੇ ਇਨ੍ਹਾਂ ਨੂੰ ਸੁਝਦਾ ਨਹੀਂ ਸੀ ਕਿ ਇਨ੍ਹਾਂ ਦਾ ਛੁਟਕਾਰਾ ਕਿਸ ਬਿਧ ਹੋਵੇਗਾ, ਮੋਇਆਂ ਦਾ ਜਾਂ ਜੀਊਂਦਿਆਂ ਦਾ। ਪਠਾਣਾਂ ਆਪਣੀ ਜ਼ਿੰਦਗੀ ਦੀ ਝਾਕ ਲਾਹ ਦਿਤੀ ਸੀ।

ਕੁਤਬ ਖ਼ਾਨ ਨੇ ਸ਼ਹਿਦਾਦ ਖਾਨ ਨੂੰ ਡੇਢ ਹਜ਼ਾਰ ਸਵਾਰ ਦੇ ਕੇ ਰਾਇਪੁਰ ਪਹੁੰਚ ਕੇ ਉਸ ਦੀ ਹਿਫ਼ਾਜ਼ਤ ਦਾ ਬੰਦੋਬਸਤ ਕਰਨ ਲਈ ਤੋਰਿਆ ਸੀ। ਇਹ ਇਥੇ ਪਹੁੰਚ ਕੇ ਸਾਰੀ ਤਿਆਰੀ ਕਰਕੇ ਸੋਚਣ ਲੱਗਾ ਕਿ ਏਨੇ ਚਿਰ ਵਿਚ ਤਾਂ ਕੁਤਬ ਖਾਂ ਵੀ ਆਉਣ ਵਾਲਾ ਹੋਵੇਗਾ, ਸੋ ਆਪਣੇ ਸਵਾਰ ਲੈ ਕੇ ਉਸ ਦੀ ਅਗਵਾਈ ਲਈ ਸ਼ਹਿਰੋਂ ਬਾਹਰ ਨਿਕਲਿਆ। ਕੁਝ ਫ਼ਾਸਲੇ ਤੇ ਜਾ ਕੇ ਪਤਾ ਲਗਾ ਕਿ ਉਨ੍ਹਾਂ ਦਾ ਸਿੰਘਾਂ ਨਾਲ ਟਾਕਰਾ ਹੋ ਪਿਆ ਹੈ। ਇਹ ਸੁਣਦਿਆਂ


www.AKJ.Org

ਸ਼ਹਿਦਾਦ ਖਾਨ ਸਾਰੀ ਫੌਜ ਲੈ ਕੇ ਉਧਰ ਵਲ ਨਠ ਤੁਰਿਆ। ਜਿਸ ਵੇਲੇ ਉਥੇ ਅਪੜਿਆ ਤਾਂ ਦੋਵੇਂ ਸਰਦਾਰ ਧਰਤੀ ਤੇ ਡਿਗ ਚੁਕੇ ਸਨ ਤੇ ਪਠਾਣ ਸਰਦਾਰਾਂ ਦੀਆਂ ਲਾਸ਼ਾਂ ਖ਼ਾਤਰ ਲਹੂ ਡੋਲ੍ਹ ਰਹੇ ਸਨ। ਜੇ ਸ਼ਹਿਦਾਦ ਖ਼ਾਨ ਸਮੇਂ ਸਿਰ ਨਾ ਪਹੁੰਚ ਗਿਆ ਹੁੰਦਾ ਤਾਂ ਸਾਰੇ ਬਚੇ ਪਠਾਣ ਥਾਂ ਤੇ ਹੀ ਰਹਿ ਜਾਂਦੇ।

ਸਿੰਘਾਂ ਨੇ ਸ਼ਹਿਦਾਦ ਖ਼ਾਨ ਦੀ ਫ਼ੌਜ ਵੇਖਦੇ ਹੀ ਵਾਗਾਂ ਮੋੜੀਆਂ ਤੇ ਉਸ ਵੇਲੇ ਇਕ ਪਾਸੇ ਨੂੰ ਭਜ ਉਠੇ ਤੇ ਚਾਲ ਉਹੋ ਹੀ ਰਖੀ, ਤਾਕਿ ਸ਼ਹਿਦਾਦ ਖ਼ਾਨ ਵੀ ਜੋਸ਼ ਵਿਚ ਉਨ੍ਹਾਂ ਦੇ ਮਗਰ ਲਗ ਪਏ ਤੇ ਥੋੜਾ ਜਿਹਾ ਦੂਰ ਲੈ ਜਾ ਕੇ ਇਸ ਨੂੰ ਵੀ ਸਰਦਾਰਾਂ ਪਾਸ ਪਹੁੰਚਾ ਦਿਤਾ ਜਾਵੇ। ਪਰ ਮਲੂਮ ਹੁੰਦਾ ਹੈ ਕਿ ਪਠਾਣਾਂ ਨੂੰ ਹੁਣ ਮਤ ਆ ਚੁਕੀ ਸੀ ਕਿ ਇੰਜ ਭਾਂਜ ਖਾ ਭਜੇ ਸਿੰਘਾਂ ਦੇ ਮਗਰ ਪੈਣਾ ਕਿੰਨਾ ਕੁ ਮਹਿੰਗਾ ਪੈਂਦਾ ਹੈ। ਜਾਨ ਹਰ ਕਿਸੇ ਨੂੰ ਪਿਆਰੀ ਹੁੰਦੀ ਹੈ, ਸੋ ਸ਼ਹਿਦਾਦ ਖ਼ਾਨ ਨੇ ਪਿਛਾ ਤਾਂ ਕੀ ਕਰਨਾ ਸੀ, ਉਸ ਨੇ ਸਿੰਘਾਂ ਤੋਂ ਜਾਨ ਬਚਾ ਕੇ ਰਾਇਪੁਰ ਪਹੁੰਚ ਜਾਣ ਵਿਚ ਹੀ ਆਪਣੀ ਜਿਤ ਸਮਝੀ। ਔਖਾ ਸੌਖਾ ਦੋਹਾਂ ਸਰਦਾਰਾਂ ਨੂੰ ਮੈਦਾਨ 'ਚੋਂ ਚੁਕ ਲਿਆਇਆ। ਸ਼ਮਸ ਖਾਨ ਤਾਂ ਥਾਂ ਤੇ ਹੀ ਮਰ ਗਿਆ ਸੀ, ਕੁਤਬ ਖ਼ਾਨ ਬੁਰੀ ਤਰ੍ਹਾਂ ਜ਼ਖਮੀ ਹਾਲਤ ਵਿਚ ਰਾਇਪੁਰ ਲਿਆਂਦਾ ਗਿਆ। ਉਹ ਵੀ ਬਹੁਤੀ ਦੇਰ ਜੀਉ ਨਾ ਸਕਿਆ, ਲੜਾਈ ਤੋਂ ਤੀਜੇ ਦਿਨ ਰਾਇਪੁਰ ਹੀ ਮਰ ਗਿਆ। ਇਨ੍ਹਾਂ ਦੋਹਾਂ ਦੀਆ ਲਾਸ਼ਾਂ ਇਨ੍ਹਾਂ ਦੇ ਜੱਦੀ ਸ਼ਹਿਰ ਕਸੂਰ ਭੇਜੀਆਂ ਗਈਆਂ, ਉਥੇ ਹੀ ਇਹ ਦੱਬੇ ਗਏ। ਕੁਤਬਖ਼ਾਨ ਦਾ ਸਾਰਾ ਡੇਰਾ ਤੇ ਅਸਬਾਬ ਆਦਿ ਸਿੰਘਾਂ ਦੇ ਹੱਥ ਲੱਗਾ। ਰਾਇਪੁਰ ਤੇ ਬਹਿਰਾਮਪੁਰ ਸਿੰਘਾਂ ਲੁਟ ਪੁਟ ਕੇ ਬਰਬਾਦ ਕਰ ਦਿਤੇ। ਹੁਣ ਬੰਦਾ ਸਿੰਘ ਨੇ ਬਟਾਲੇ ਤੇ ਕਲਾਨੌਰ ਵਲ ਵਾਗਾਂ ਮੋੜੀਆਂ।

ਜਦ ਦੁਆਲੇ ਦਿਆਂ ਪਿੰਡਾਂ ਕਸਬਿਆਂ ਨੇ ਇਹ ਖ਼ਬਰ ਸੁਣੀ ਕਿ ਸਿੰਘਾਂ ਫੌਜਦਾਰ ਮਾਰ ਦਿਤਾ ਹੈ ਤੇ ਬੰਦਾ ਸਿੰਘ ਹੁਣ ਸਿੰਘਾਂ ਨਾਲ ਇਸ ਪਾਸੇ ਨੂੰ ਆ ਰਿਹਾ ਹੈ ਤਾਂ ਬਹੁਤ ਸਾਰੀ ਵਸੋਂ ਘਰ ਘਾਟ ਛੱਡ ਕੇ ਜ਼ਿੰਨਾ ਕੁ ਸਾਮਾਨ ਚੁਕ ਸਕੇ, ਲੈ ਕੇ ਕੁਝ ਲਾਹੌਰ ਵਲ ਨੂੰ, ਕੁਝ ਦੂਰ ਦੁਰਾਡੇ ਰਿਸ਼ਤੇਦਾਰਾਂ ਪਾਸ ਜਾ ਟਿਕੇ[੯]।

**ਬਟਾਲੇ ਦੀ ਤਬਾਹੀ**–ਜਦ ਬੰਦਾ ਸਿੰਘ ਬਟਾਲੇ ਵਲ ਵਧਿਆ ਤਾਂ ਇਥੋਂ ਦਿਆਂ ਲੋਕਾਂ ਦੀਆਂ ਦੋ ਰਾਵਾਂ ਸਨ। ਇਕ ਧਿਰ ਦਾ ਆਗੂ ਮੁਹੰਮਦ ਫ਼ਜ਼ਲਦੀਨ ਕਾਦਰੀ, ਜੋ ਥੋੜੀ ਦੇਰ ਤੋਂ ਬਟਾਲੇ ਆ ਟਿਕਿਆ ਸੀ ਤੇ ਇਕ ਮਦਰੱਸਾ ਤੇ ਖ਼ਾਨਗਾਹ ਕਾਇਮ ਕੀਤੀ ਸੀ, ਦੀ ਰਾਇ ਸੀ ਕਿ ਆਪਣੇ ਟੱਬਰ ਟੀਰ ਤੇ ਕੀਮਤੀ ਸਾਮਾਨ ਲੈ ਕੇ ਬਟਾਲਾ ਛਡ ਜਾਣਾ ਚਾਹੀਦਾ ਹੈ। ਇਸ ਸਲਾਹ ਤੇ ਸਭ ਤੋਂ ਪਹਿਲਾਂ ਉਸ ਨੇ ਆਪ ਹੀ ਅਮਲ ਕੀਤਾ ਤੇ ਆਪਣੇ ਟੱਬਰ ਦੇ ਜੀਆਂ, ਰਿਸ਼ਤੇਦਾਰਾਂ ਤੇ ਮੁਰੀਦ ਦਰਵੇਸ਼ਾ ਨੂੰ ਨਾਲ ਲੈ ਕੇ ਸੁਲਤਾਨਪੁਰ ਬਿਸਤ ਦੁਆਬ (ਜਲੰਧਰ ਦੁਆਬ) ਵਿਖੇ ਜਾ ਪਨਾਹ ਲਈ। ਦੂਜੇ ਧੜੇ ਦਾ ਮੋਹਰੀ ਸ਼ੇਖ ਅਹਿਮਦ, ਜੋ ਸ਼ੈਖੁਲ-ਹਿੰਦ ਦੀ ਉਪਾਧਿ ਨਾਲ ਪ੍ਰਸਿਧ ਸੀ, ਨੇ ਆਪਣੇ ਪੈਰੋਕਾਰਾਂ ਨੂੰ ਉਕਸਾਇਆ ਕਿ ਸਿੱਖਾਂ ਦਾ ਡੱਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਸੋ ਨਤੀਜੇ ਵਜੋਂ ਹੋਣ ਵਾਲੇ ਮੁਹਾਸਰੇ ਲਈ ਚੰਗੀ ਤਿਆਰੀ ਕਰਵਾ ਲਈ।

ਰਾਇਪੁਰ, ਬਹਿਰਾਮਪੁਰ ਵਲੋਂ ਹਟ ਕੇ ਬੰਦਾ ਸਿੰਘ ਬਟਾਲੇ ਤੋਂ ਚੜ੍ਹਦੇ ਵਿਚ ਦੋ ਕੋਹ ਦੇ ਫ਼ਾਸਲੇ ਤੇ ਅਚਲ ਦੇ ਤਲਾ ਦੇ ਕੰਢੇ ਆਣ ਉਤਰਿਆ। ਅਗਲੇ ਦਿਨ ਉਸ ਨੇ ਸ਼ਹਿਰ (ਬਟਾਲੇ) ਕੂਚ ਕੀਤਾ। ਆਮ ਵਸੋਂ ਨੇ ਤਾਂ ਘਰੀਂ ਵੜ ਕੇ ਪਨਾਹ ਲੈ ਲਈ ਤੇ ਸ਼ਹਿਰ ਦੇ ਦਰਵਾਜ਼ੇ ਵੀ ਬੰਦ ਕਰ ਲਏ। ਵਸੋਂ ਦੇ ਜਵਾਨ ਤੇ ਆਪਣੇ ਚੇਲਿਆਂ ਨੂੰ ਨਾਲ ਲੈ ਕੇ ਹਾਥੀ ਗੇਟੋਂ ਬਾਹਰ ਸ਼ੈਖੁਲ-ਹਿੰਦ ਬੰਦਾ ਸਿੰਘ ਦਾ ਟਾਕਰਾ ਕਰਨ ਲਈ ਨਿਕਲ ਆਇਆ। ਅਚਲ ਵਾਲੇ ਰਾਹ ਤੇ ਆਣ ਪੈਂਤੜਾ ਲੈ ਕੇ ਹਥੋਂ ਹਥ ਨਿਬੜਨ ਲਈ ਡਟ ਗਏ। ਪਰ ਸਿੰਘਾਂ ਦੀ ਤੇਗ਼ ਦੀ ਮਾਰ ਅੱਗੇ ਵਿਚਾਰੇ ਸ਼ੇਖੁਲ-ਹਿੰਦ ਨੇ ਕੀ ਖੜੋ ਸਕਣਾ ਸੀ, ਮਾਮੂਲੀ ਝੜਪ ਪਿਛੋਂ ਸ਼ੇਖ ਮਾਰਿਆ ਗਿਆ। ਮੋਹਰਲੀਆਂ ਸਫਾਂ ਵਾਲੇ ਗਾਜ਼ੀ ਸ਼ੇਖ ਸਾਹਿਬ ਦੇ ਨਾਲ ਹੀ ਅਦਮ-ਆਬਾਦ ਵਲ ਚਾਲੇ ਪਾ ਗਏ। ਜੋ ਪਿਛੇ ਸਨ, ਪਿਛਲੇ ਪੈਰੀਂ ਭਜ ਕੇ ਸ਼ਹਿਰ ਵਿਚ ਜਾ ਵੜੇ ਤੇ ਗੇਟ ਬੰਦ ਕਰ ਲਏ। ਇਹ ਦਰਵਾਜ਼ੇ ਕਿਤੇ ਟੁਟਣੋਂ ਰਹਿ ਸਕਦੇ ਸਨ? ਬੰਦਾ ਸਿੰਘ ਦੇ ਹੁਕਮ ਦੀ ਡੇਰ ਸੀ, ਦਰਵਾਜ਼ੇ ਭੰਨ ਤੋੜ ਕੇ ਸਿੰਘ ਅੰਦਰ ਜਾ ਵੜੇ। ਸਭ ਤੋਂ ਪਹਿਲਾਂ ਕਾਜ਼ੀ ਅਬਦੁਲ ਹਕ ਦੇ ਘਰ ਨੂੰ ਅੱਗ ਲਾਈ ਤੇ ਫਿਰ ਉਸ ਦਾ ਮਹੱਲਾ ਸਾੜਿਆ। ਸਯਦ ਮੁਹੰਮਦ ਫ਼ਜ਼ਲਦੀਨ ਕਾਦਰੀ ਦਾ ਮਦਰਸਾ,

ਜੋ ਖ਼ਾਲੀ ਪਿਆ ਹੋਇਆ ਸੀ, ਤੇ ਹੋਰ ਬੜੀਆਂ ਆਲੀਸ਼ਾਨ ਸ਼ਾਹੀ ਅਮਰਤਾਂ ਵੀ ਸੜ ਕੇ ਬਰਬਾਦ ਹੋ ਗਈਆਂ।

ਬਟਾਲੇ ਦੀ ਸਫਾਈ ਸੁਧਾਈ ਪਿਛੋਂ ਬੰਦਾ ਸਿੰਘ ਦਾ ਇਰਾਦਾ ਸੀ ਕਿ ਲਗਦੇ ਹੱਥ ਲਾਹੌਰ ਮਾਰ ਲਿਆ ਜਾਵੇ[2]। ਪਰ ਬੜੀ ਵੱਡੀ ਗਿਣਤੀ ਵਿਚ ਸ਼ਾਹੀ ਫ਼ੌਜਾਂ, ਜੋ ਬਾਦਸ਼ਾਹ ਨੇ ਸਢੌਰਿਓਂ ਭੇਜੀਆਂ ਸਨ, ਬੰਦਾ ਸਿੰਘ ਦੇ ਪਿਛੇ ਲਾਹੌਰ ਦੇ ਲਾਗੇ ਆ ਢੁਕੀਆਂ ਸਨ। ਬਾਦਸ਼ਾਹ ਮਗਰ ਆਪ ਆ ਰਿਹਾ ਸੀ ਤੇ ੯ ਜੂਨ ੧੭੧੧ ਈ: ਨੂੰ ਉਸ ਦਾ ਕੈਂਪ ਹੁਸ਼ਿਆਰਪੁਰ ਵਿਖੇ ਸੀ। ਬੰਦਾ ਸਿੰਘ ਨੇ ਹਾਲ ਦੀ ਘੜੀ ਲਾਹੌਰ ਦਾ ਖ਼ਿਆਲ ਛੱਡ ਦਿਤਾ ਤੇ ਰਾਵੀ ਟੱਪ ਕੇ ਰਚਨਾ ਦੁਆਬ ਵਿਚ ਦੀ ਹੁੰਦਾ ਹੋਇਆ ਜੰਮੂ ਵਲ ਨੂੰ ਹੋ ਤੁਰਿਆ। ਜਾਂਦਾ ਹੋਇਆ ਔਰੰਗਾਬਾਦ ਤੇ ਪਸਰੂਰ ਨੂੰ ਸੁਕ-ਮਾਂਜ ਕਰ ਗਿਆ। ਜਦ ਬੰਦਾ ਸਿੰਘ ਨੇ ਪਹਾੜਾਂ ਤੋਂ ਉੱਤਰ ਕੇ ਰਾਇਪੁਰ ਤੇ ਬਹਿਰਾਮਪੁਰ ਨੂੰ ਸੋਧਿਆ ਤਾਂ ਇਸਦੀ ਖ਼ਬਰ ਕੁਝ ਦਿਨਾਂ ਵਿਚ ਹੀ ਬਾਦਸ਼ਾਹ ਨੂੰ ਮਿਲ ਗਈ, ਜੋ ਅਜੇ ਤੀਕ ਸਢੌਰੇ ਗਿਰਦੇ ਸ਼ਿਕਾਰ ਦਾ ਸ਼ੌਕ ਪੂਰਾ ਕਰਦਾ ਹੋਇਆ ਮੌਜ ਮੇਲਾ ਮਨਾ ਰਿਹਾ ਸੀ। ਉਸੇ ਵੇਲੇ ਹੁਕਮ ਦਿਤਾ ਕਿ ਮੁਹੰਮਦ ਉਮੀਨ ਖ਼ਾਨ ਬਹਾਦਰ ਤੇ ਰੁਸਤਮ ਦਿਲ ਖ਼ਾਨ ਆਦਿ ਸਰਦਾਰ ਬੰਦੇ ਦਾ ਪਿਛਾ ਕਰਨ, ਤੇ ਜਿਸ ਤਰ੍ਹਾਂ ਵੀ ਹੋ ਸਕੇ, ਉਸ ਨੂੰ ਜੀਉਂਦਾ ਜਾਂ ਮੋਇਆ ਫੜ ਕੇ ਬਾਦਸ਼ਾਹ ਦੇ ਹਜ਼ੂਰ ਲੈ ਆਉਣ। ਹੁਕਮ ਪਾ ਕੇ ਇਹ ਸਰਦਾਰ ਬੜੀ ਤੇਜ਼ੀ ਨਾਲ ਮੰਜ਼ਲਾਂ ਤੈ ਕਰਦੇ ਹੋਏ ਰਾਇਪੁਰ ਪੁਜੇ ਤੇ ਸੂਹੀਏ ਮੁਖ਼ਬਰ ਛੱਡ ਕੇ ਲੱਗੇ ਬੰਦੇ ਦੀ ਸੂਹ ਕਢਣ। ਸਰਦਾਰਾਂ ਨੂੰ ਪਤਾ ਲਗਾ ਕਿ ਬੰਦਾ ਸਿੰਘ ਬਹੁਤੀ ਦੂਰ ਨਹੀਂ, ਲਾਗੇ ਛਾਗੇ ਹੀ ਰਹਿੰਦਾ ਹੈ ਤੇ ਆਸ ਪਾਸ ਦੇ ਇਲਾਕਿਆਂ ਦੀ ਲੁਟ ਮਾਰ ਕਰਦਾ ਫਿਰਦਾ ਹੈ।

ਇਹ ਸੁਣ ਕੇ ਇਹ ਸਰਦਾਰ ਉਸ ਦੇ ਮਗਰ ਲਗੇ ਤੇ ਕੋਸ਼ਿਸ਼ ਇਹ ਕੀਤੀ ਕਿ ਬੰਦਾ ਸਿੰਘ ਨੂੰ ਅੱਗੇ ਅੱਗੇ ਤੋਰੀ ਚਲੀਏ ਤੇ ਬਿਨਾਂ ਲੜਾਈ ਤੋਂ ਹੀ ਉਸ ਨੂੰ ਦੇਸੋਂ ਕਢ ਦੇਈਏ। ਕੋਹ ਕੋਹ ਦੋ ਦੋ ਕੋਹ ਦੀ ਵਿਥ ਪਾਈ ਇਹ ਸ਼ਾਹੀ ਸਰਦਾਰ ਬੰਦਾ ਸਿੰਘ ਦੇ ਪਿਛੇ ਤੁਰੇ ਤਾਂ ਜਾਂਦੇ ਸਨ, ਪਰ ਏਨੀ ਹਿੰਮਤ ਨਹੀਂ ਸੀ ਪੈਂਦੀ ਕਿ ਉਸ ਨਾਲ ਲੜੀਏ ਜਾਂ ਜੀਉਂਦੇ ਨੂੰ ਫੜ ਲਈਏ। ਸਾਰਿਆਂ ਨੂੰ ਇਸ ਗੱਲ ਦਾ ਨਿਸਚਾ ਸੀ ਕਿ ਬੰਦਾ ਸਿੰਘ ਬੜਾ ਹੀ ਜਾਦੂਗਰ ਹੈ, ਇਸ ਲਈ ਸਰਦਾਰ ਧਾ ਕੇ ਉਸ ਦੇ ਗਲ ਪੈਣੋਂ ਤਭਕਦੇ ਸਨ। ਉਨ੍ਹਾਂ ਦੇ ਮਨਾਂ ਵਿਚ ਡਰ ਘਰ ਕਰੀ ਬੈਠਾ ਸੀ ਕਿ ਜੋ ਜੋ ਸਰਦਾਰ ਬੰਦਾ ਸਿੰਘ ਨਾਲ ਲੜਿਆ, ਉਹ ਥੋੜੇ ਹੀ ਦਿਨ ਜੀਵਿਆ ਹੈ, ਇਸ ਤਰ੍ਹਾਂ ਅਸੀਂ ਵੀ ਇਸ ਨਾਲ ਮਥਾ ਲਾ ਕੇ ਕਿਤੇ ਅਜਾਈਂ ਹੀ ਮੌਤ ਦੇ ਮੂੰਹ ਵਿਚ ਨਾ ਜਾ ਪਈਏ। ਇਹ ਖਿਆਲ ਸੀ ਜਿਸ ਕਰਕੇ ਸ਼ਾਹੀ ਸੈਨਾ ਵਾਲੇ ਸਰਦਾਰ ਉਸ ਨੂੰ ਹੱਥ ਨਹੀਂ ਸਨ ਪਾਉਂਦੇ। ਉਹ ਬੰਦਾ ਸਿੰਘ ਦੇ ਪਿਛੇ ਪਿਛੇ ਸਿਰਫ ਸ਼ਾਹੀ ਹੁਕਮ ਦੀ ਪੂਰਤੀ ਲਈ ਜਾ ਰਹੇ ਸਨ। ਭਾਵ ਹੁਕਮ ਦੀ ਤਕਮੀਲ ਵੀ ਹੋ ਜਾਵੇ ਤੇ ਜਾਨ ਵੀ ਬਚੀ ਰਹੇ।

ਚਲਦਾ]

## ਫੁਟਨੋਟ ਅਤੇ ਹਵਾਲੇ

**(੧) ਸ਼ਮਸਖ਼ਾਨ ਤੋਂ ਕਿਵੇਂ ਫ਼ੌਜਦਾਰੀ ਖੁਸੀ ?** ਸ਼ਮਸ ਖ਼ਾਨ ਅਮੀਨ ਗੜ੍ਹ ਦੀ ਲੜਾਈ ਸਮੇਂ ਜਲੰਧਰ ਬਜਵਾੜੇ ਦਾ ਫ਼ੌਜਦਾਰ ਸੀ। ਇਹ ਕਸੂਰ ਦਾ ਖੇਸ਼ਗਈ ਗੋਤ ਦਾ ਪਠਾਣ ਤੇ ਬਾਜ਼ੀਦ ਖ਼ਾਨ ਦਾ ਭਤੀਜਾ ਸੀ। ਚੜ੍ਹਦੀ ਜਵਾਨੀ ਤੇ ਹਦੋਂ ਵਧ ਆਕੜ ਖ਼ਾਂ।

ਅਮੀਨ ਗੜ੍ਹ ਦੀ ਲੜਾਈ ਨੇ ਸਾਰੀ ਖੇਡ ਦਾ ਪਾਸਾ ਹੀ ਪਲਟ ਦਿਤਾ ਸੀ। ਸ਼ਾਹੀ ਫੌਜਾਂ ਦਾ ਹੱਥ ਉਤੇ ਹੋ ਗਿਆ ਸੀ। ਹੁਣ ਸ਼ਾਹੀ ਹਾਕਮ ਬਲ੍ਹਾਂ ਵਿਚ ਨਹੀਂ ਸਨ ਮਿਉਂਦੇ। ਬਜੀਦ ਖ਼ਾਂ ਕਸੂਰੀਆ, ਜੋ ਸਿੰਘਾਂ ਦੇ ਡਰੋਂ ਪਾਣੀਪਤੋਂ ਅੱਗੇ ਨਹੀਂ ਲੰਘਦਾ, ਹੁਣ ਤੀਸ ਮਾਰ ਖ਼ਾਂ ਬਣਿਆ ਪਿਆ ਸੀ। ਉਸ ਦਾ ਭਤੀਜਾ ਇਹ ਸ਼ਮਸ ਖ਼ਾਨ, ਜੋ ਸਿੰਘਾਂ ਦੀ ਮਾਰ ਤੋਂ ਡਰਦਾ ਸੁਲਤਾਨਪੁਰੋਂ ਪੈਰ ਬਾਹਰ ਨਹੀਂ ਸੀ ਕਢਦਾ; ਹੁਣ ਉਸ ਨੂੰ ਵੀ ਖੰਭ ਨਿਕਲ ਆਏ ਸਨ। ਲੱਗਾ ਹੁਣ ਉਡਾਰੀਆਂ ਭਰਨ। ਆਪਣੀ ਫ਼ੌਜ ਤੇ ਦੁਆਬੇ ਦਾ ਬਹੁਤ ਸਾਰਾ ਮੁਲਖਈਆ ਇਕੱਠਾ ਕਰਕੇ ਰਸਤੇ ਦੇ ਪਿੰਡਾਂ ਨੂੰ ਲਤਾੜਦਾ ਹੋਇਆ ਸਰਹੰਦ ਵਲ ਚੜ੍ਹ ਆਇਆ। ਇਸ ਦਾ ਇਰਾਦਾ ਸੀ ਕਿ ਸ਼ਾਹੀ ਸੈਨਾ ਦੇ ਆਉਣ ਤੋਂ ਪਹਿਲਾਂ ਸਰਹੰਦ ਫਤਹ ਕਰਨ ਦੀ ਭਲ ਖਟ ਲਵਾਂ। ਇਸਨੂੰ ਪਤਾ ਲੱਗ ਚੁਕਾ ਸੀ ਕਿ ਬਾਜ ਸਿੰਘ ਐਸ ਵੇਲੇ ਸਰਹੰਦ ਵਿਚ ਨਹੀਂ ਹੈ।

ਬਾਜ ਸਿੰਘ ਭਾਵੇਂ ਸਰਹੰਦ ਨਹੀਂ ਸੀ, ਪਰ ਉਸ ਦਾ ਭਰਾ ਸੁਖਾ ਸਿੰਘ, ਸ਼ਾਮ ਸਿੰਘ ਉਸ ਨਾਲੋਂ ਘਟ ਨਹੀਂ ਸਨ। ਘਾਟ ਸਿਰਫ ਇਹ ਸੀ ਕਿ ਇਸ ਵੇਲੇ ਸਰਹੰਦ ਗਿਣਤੀ ਦੇ ਹੀ ਸਿੰਘ ਸਨ, ਫਿਰ ਵੀ ਸੁਖਾ ਸਿੰਘ ਨੇ ਸ਼ਹਿਰੋਂ ਬਾਹਰ ਨਿਕਲ ਕੇ ਟਾਕਰਾ ਕੀਤਾ। ਲੜਾਈ ਬਾਗਾਂ ਵਿਚ ਹੋਈ, ਅਹਿਮਦ ਸਰਹੰਦੀ ਦੇ ਰੌਜ਼ੇ ਦੇ ਉੱਤਰ ਪੂਰਬ ਵਿਚ। ਦੋਹਾਂ ਧਿਰਾਂ ਖ਼ੂਬ ਜ਼ੋਹਰ ਦਿਖਾਏ। ਸੁਖਾ ਸਿੰਘ ਮਾਰਿਆ ਗਿਆ। ਸਿੰਘ ਬਹੁਤ ਥੋੜੇ ਸਨ, ਬਾਗਾਂ ਵਿਚੋਂ ਹਟ ਕੇ ਕਿਲ੍ਹੇ ਵਿਚ ਜਾ ਵੜੇ। ਕਿਸੇ ਪਾਸਿਓਂ ਸਹਾਇਤਾ ਦੀ ਆਸ ਨਹੀਂ ਸੀ। ਸੋ ਕਿਲ੍ਹੇ ਵਿਚਲਿਆਂ ਰਹਿਕਲਿਆਂ ਨੂੰ ਸ਼ਾਮ ਤੀਕ ਚਲਾ ਕੇ ਰਾਤ ਨੂੰ ਕਿਲ੍ਹਾ


www.AKJ.Org

ਖ਼ਾਲੀ ਕਰ ਗਏ। ਦਿਨ ਚੜ੍ਹੇ ਸ਼ਹਿਰ ਤਾਂ ਭਾਵੇਂ ਸ਼ਮਸ ਖ਼ਾਨ ਨੇ ਮੱਲ ਲਿਆ, ਪਰ ਇਸ ਬਹਾਦਰੀ ਦੀ ਸਜ਼ਾ ਵੀ ਉਸ ਨੂੰ ਚੰਗੀ ਮਿਲੀ। ਸ਼ਾਹੀ ਸੈਨਾ, ਜੋ ਬੰਦਾ ਸਿੰਘ ਵੱਲ ਚੜ੍ਹੀ ਆ ਰਹੀ ਸੀ, ਉਸ ਦੀ ਹਰਾਵਲ ਦੀ ਅਫ਼ਸਰੀ ਮੁਹੰਮਦ ਅਮੀਨ ਖ਼ਾਂ ਚੀਨ ਬਹਾਦਰ ਨੂੰ ਮਿਲੀ ਹੋਈ ਸੀ, ਅਤੇ ਉਹ ਨਹੀਂ ਸੀ ਚਾਹੁੰਦਾ ਕਿ ਸਰਹੰਦ ਦੀ ਜਿਤ ਦਾ ਸਿਹਰਾ ਉਸ ਤੋਂ ਬਿਨਾ ਹੋਰ ਕਿਸੇ ਨੂੰ ਬੱਝੇ। ਸਰਹੰਦ ਮਾਰਨ ਦਾ ਨਾਮਣਾ ਖਟਣਾ ਕੋਈ ਮਾਮੂਲੀ ਗੱਲ ਨਹੀਂ ਸੀ।

ਸੋ ਜਦ ਉਸ ਨੂੰ ਪਤਾ ਲੱਗਾ ਕਿ ਉਸ ਦੀ ਦਸ-ਪੁਛ ਤੋਂ ਬਿਨਾਂ ਹੀ ਸ਼ਮਸ ਖ਼ਾਨ ਨੇ ਸਰਹੰਦ ਸਰ ਕਰਨ ਦੀ ਮਾਲੀ ਆਪਣੇ ਸਿਰ ਬੰਨ੍ਹ ਲਈ ਹੈ ਤਾਂ ਉਹ ਗੁੱਸੇ ਨਾਲ ਭਖ ਉਠਿਆ। ਬਾਦਸ਼ਾਹ ਵਲ ਲਿਖ ਭੇਜਿਆ ਕਿ ਸ਼ਮਸ ਖ਼ਾਨ ਏਨਾ ਹੰਕਾਰਿਆ ਗਿਆ ਹੈ ਕਿ ਸ਼ਾਹੀ ਹੁਕਮ ਦੀ ਵੀ ਪਰਵਾਹ ਨਹੀਂ ਕਰਦਾ, ਉਸ ਪਾਸ ਬਹੁਤ ਸਾਰੀ ਫੌਜ ਹੈ ਜਿਸ ਦੀ ਸਹਾਇਤਾ ਨਾਲ ਇਕੱਲੇ ਨੇ ਹੀ ਸਰਹੰਦ ਜਿਤ ਲਈ ਹੈ। ਇਹ ਪਤਾ ਨਹੀਂ ਹੋਰ ਕੀ ਕੀ ਗੁਲ ਖਿਲਾਏ। ਐਸੇ ਮਗਰੂਰ ਤੇ ਤਾਕਤਵਰ ਬਣੀ ਜਾ ਰਹੇ ਬੰਦੇ ਤੋਂ ਕਦੇ ਵੀ ਅਵੇਸਲੇ ਨਹੀਂ ਹੋਣਾ ਚਾਹੀਦਾ, ਇਹ ਕੁਝ ਵੀ ਕਰ ਸਕਦੇ। ਇਸ ਅਰਜ਼ੀ ਦਾ ਬਾਦਸ਼ਾਹ ਉਤੇ ਇਹ ਅਸਰ ਹੋਇਆ ਕਿ ਸ਼ਮਸ ਖ਼ਾਨ ਜਲੰਧਰ ਤੇ ਬਜਵਾੜੇ ਦੀ ਫ਼ੌਜਦਾਰੀ ਤੋਂ ਹਟਾਇਆ ਗਿਆ—"ਮੁਆ-ਸਰੁਲ-ਉਮਰਾਅ" ਭਾਗ ।।—129.

ਸ: ਕਰਮ ਸਿੰਘ ਹਿਸਟੋਰੀਅਨ—ਬੰਦਾ ਬਹਾਦਰ – 132

(2) ਸ: ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ (ਪਹਿਲੀ ਛਾਪ) ਸਫ਼ਾ 137

(3) ਕਾਜ਼ੀ ਨੂਰ ਮੁਹੰਮਦ-ਜੰਗਨਾਮਾ-ਸਫ਼ਾ 156–157 (4) ਮੁਆਸਰੁਲ-ਉਮਰਾਅ। (5) ਮੁਆਸਰੁਲ-ਉਮਰਾਅ।

(6) ਮਿਰਜ਼ਾ ਮੁਹੰਮਦ ਹਾਰਿਸੀ-ਇਬਰਤ-ਨਾਮਾ-43-ਅ, ਅਹਵਾਲ-ਇ-ਸਲਾਤੀਨ ਹਿੰਦ-39 ੳ. ਅਹਿਮਦ ਸ਼ਾਹ ਜ਼ਿਕਰਿ ਗੁਰੂਆਂ ਵ ਇਬਤਦਾਇ ਸਿੰਘਾਂ ਵ ਮਜ਼ਹਬਿ ਏਸ਼ਾਂ-ਸਫ਼ਾ- 2 (7) ਅਹਿਵਾਲ-ਇ-ਸੁਲਾਤੀਨ-ਇ-ਹਿੰਦ-39-ੳ

## ਨੋਟ :–

(8) ਅਹਿਵਾਲ-ਇ-ਸਲਾਤੀਨ-ਇ-ਹਿੰਦ, 38, ੳ-ਅ ਵਿਚ ਸ਼ਮਸ ਖ਼ਾਨ ਤੇ ਬਾਜ਼ੀਦ ਖ਼ਾ ਦੇ ਮਰਨ ਦਾ ਜ਼ਿਕਰ ਇਸ ਪ੍ਰਕਾਰ ਹੈ—......ਉਹ ਸ਼ਿਕਾਰ ਵਿਚ ਰੁਝੇ ਸਨ ਜਦ ਸਿਖਾਂ ਦੇ ਲਾਗੇ ਹੀ ਢੁਕ ਪੈਣ ਦੀ ਖ਼ਬਰ ਮਿਲੀ। ਸ਼ਮਸ ਖ਼ਾਨ ਉਨ੍ਹਾਂ ਨਾਲ ਸਿਝਣ ਲਈ ਬੜੀ ਤੇਜ਼ੀ ਨਾਲ ਉਨ੍ਹਾਂ ਵਲ ਗਿਆ। ਪਰ ਰਾਹੋਂ ਦੀ ਲੜਾਈ ਵਾਂਗ ਇਥੇ ਵੀ ਉਨ੍ਹਾਂ ਦੇ ਫ਼ਰੇਬ ਵਿਚ ਆ ਗਿਆ। ਇੰਜ ਲਗਦਾ ਹੈ ਕਿ ਸ਼ਮਸ ਖ਼ਾਨ ਨੂੰ ਵੇਖਦਿਆਂ ਸਾਰ ਉਨ੍ਹਾਂ ਭਾਜ ਖਾਧੇ ਵਾਂਗ ਭਜ ਤੁਰਨ ਦਾ ਵਿਖਾਵਾ ਕੀਤਾ। ਬਾਜ਼ੀਦ ਖ਼ਾਨ ਨੇ ਸ਼ਮਸ ਖ਼ਾਨ ਨੂੰ ਬਥੇਰਾ ਵਰਜਿਆ ਕਿ ਉਨ੍ਹਾਂ ਦੇ ਮਗਰ ਨਾ ਪਵੇ ਤੇ ਨਾ ਹੀ ਏਨਾ ਨਜ਼ਦੀਕ ਹੀ ਜਾਵੇ ਕਿ ਖਤਰੇ ਵਿਚ ਘਿਰ ਜਾਵੇ। ਅਜ ਉਹ ਬਹੁਤੀ ਦੂਰ ਨਹੀਂ ਸਨ ਗਏ ਕਿ ਉਹ ਏਕਾ ਏਕ ਖੜੋ ਕੇ ਪਰਤ ਕੇ ਬੜੀ ਤੁੰਦੀ ਨਾਲ ਸ਼ਮਸ ਖ਼ਾਨ ਤੇ ਟੁਟ ਪਏ। (ਮੁਆਸਿਰੁਲ-ਉਮਰਾਅ ।। 129-30) ਬੜੀ ਜ਼ਬਰਦਸਤ ਗਹਿਗਚ ਲੜਾਈ ਸ਼ੁਰੂ ਹੋ ਪਈ। ਸਿੰਘਾਂ ਨੇ ਮੁਹੰਮਦੀਆਂ ਦੀਆਂ ਸਫ਼ਾਂ ਦੀਆਂ ਸਫ਼ਾਂ ਕਟ ਵੱਢ ਕੇ ਪਿਛੇ ਧਕ ਦਿਤੀਆਂ। ਮੁਰਦਿਆਂ ਤੇ ਜ਼ਖਮੀਆ ਦੇ ਢੇਰ ਲੱਗ ਗਏ। ਜਦ ਸ਼ਮਸ ਖ਼ਾਨ ਤੇ ਬਾਜ਼ੀਦ ਖ਼ਾਨ ਨੇ ਆਪਣੇ ਸਿਪਾਹੀਆਂ ਦੀ ਇਹ ਹਾਲਤ ਹੁੰਦੀ ਵੇਖੀ ਤਾਂ ਅਗੇ ਹੋ ਕੇ ਬਾਜ਼ ਸਿੰਘ ਤੇ ਫਤਹ ਸਿੰਘ ਨੂੰ ਰੋਕਣ ਦੀ ਕੋਸ਼ਸ਼ ਕੀਤੀ, ਜੋ ਬੜੇ ਜ਼ੋਰ ਨਾਲ ਵਧੇ ਆ ਰਹੇ ਸਨ। ਸ਼ਮਸ ਖ਼ਾਨ ਨੇ ਨੇਜ਼ੇ ਨਾਲ ਬਾਜ਼ ਸਿੰਘ ਤੇ ਹਮਲਾ ਕੀਤਾ, ਜਿਸ ਨੂੰ ਬਾਜ਼ ਸਿੰਘ ਨੇ ਹੱਥ ਨਾਲ ਫੜ ਲਿਆ ਤੇ ਭੌਂਦਾ ਉਸ ਉਤੇ ਸੁਟਿਆ, ਜੋ ਉਸ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਗਿਆ। ਜ਼ਖਮੀ ਹੋ ਕੇ ਬਿਫਰਿਆ ਹੋਇਆ ਸ਼ਮਸ ਖ਼ਾਨ ਘੋੜੇ ਨੂੰ ਅਡੀ ਲਾ, ਹੱਥ ਵਿਚ ਨੰਗੀ ਤਲਵਾਰ ਲੈ ਕੇ ਬਾਜ਼ ਸਿੰਘ ਵਲ ਵਧਿਆ ਤੇ ਇਕ ਭਰਪੂਰ ਵਾਰ ਬਾਜ਼ ਸਿੰਘ ਤੇ ਕੀਤਾ, ਜੋ ਉਸ ਨੇ ਢਾਲ ਤੇ ਰੋਕ ਲਿਆ ਤੇ ਮੁੜਵਾਂ ਤਲਵਾਰ ਦਾ ਐਸਾ ਭਰਵਾਂ ਵਾਰ ਉਸ ਤੇ ਕੀਤਾ ਕਿ ਸ਼ਮਸ ਖ਼ਾਨ ਦੇ ਹਥੋਂ ਤਲਵਾਰ ਛੁਟ ਕੇ ਦੂਰ ਜਾ ਡਿਗੀ।

ਪਹਾੜ ਸਿੰਘ, ਬਾਜ਼ ਸਿੰਘ ਦਾ ਭਤਾ ਜੋ ਪਾਸ ਹੀ ਖੜਾ ਸੀ, ਉਹ ਸ਼ਮਸ ਖ਼ਾਨ ਤੇ ਟੁਟ ਪਿਆ। ਇਸ ਤੋਂ ਪਹਿਲਾਂ ਕਿ ਉਹ ਬਾਜ਼ ਸਿੰਘ ਤੇ ਵਾਰ ਕਰੇ ਪਹਾੜ ਸਿੰਘ ਨੇ ਤਲਵਾਰ ਦਾ ਐਸਾ ਹੱਥ ਮਾਰਿਆ ਕਿ ਸ਼ਮਸ ਖ਼ਾਨ ਦੇ ਖਬੇ ਮੋਢੇ ਤੇ ਪਿਆ ਤੇ ਜਨੇਊ ਰੁਖ ਮੋਢਿਓਂ ਸੱਜੇ ਪਾਸੇ ਨੂੰ ਚੀਰਦੀ ਹੋਈ ਉਸ ਨੂੰ ਦੁਫਾੜ ਕਰ ਗਈ। ਸ਼ਮਸ ਖਾਨ ਦਾ ਸਿਰ ਤੇ ਸੱਜੀ ਬਾਂਹ ਵਾਲਾ ਪਾਸਾ ਜੁੜਿਆ-ਜੁੜਾਇਆ ਪਰੇ ਜਾ ਡਿਗਾ ਤੇ ਦੂਜਾ ਧੜ ਪੈਰਾਂ ਤੇ ਡਿਗ ਪਿਆ।

ਬਾਜ਼ੀਦ ਖਾਨ ਨੇ ਜਦ ਆਪਣੇ ਭਤੀਜੇ ਦੀ ਇਸ ਤਰ੍ਹਾਂ ਮੌਤ ਹੁੰਦੀ ਵੇਖੀ ਤਾਂ ਕ੍ਰੋਧ ਨਾਲ ਭਰ ਗਿਆ ਤੇ ਬਦਲਾ ਲੈਣ ਲਈ ਅੰਨ੍ਹੇਵਾਹ ਉਨ੍ਹਾਂ ਤੇ ਗੋਲੀ ਵਰ੍ਹਾਉਣ ਲੱਗਾ। ਗੋਲੀਆਂ ਨਿਸ਼ਾਨੇ ਤੇ ਨਾ ਲੱਗਣ ਨਾਲ ਉਸ ਨੂੰ ਏਨੀ ਚਿਪ ਚੜ੍ਹੀ ਕਿ ਬੰਦੂਕ ਭੋਂ ਤੇ ਵਗਾਹ ਮਾਰੀ ਤੇ ਨੰਗੀ ਤਲਵਾਰ ਹੱਥ ਵਿਚ ਲੈ ਕੇ ਬਾਜ਼ ਸਿੰਘ ਤੇ ਜਾ ਪਿਆ ਤੇ ਉਸ ਨੂੰ ਮਾਮੂਲੀ ਜਿਹਾ ਜ਼ਖਮੀ ਵੀ ਕਰ ਦਿਤਾ। ਪਾਸ ਹੀ ਫ਼ਤਹ ਸਿੰਘ ਖੜਾ ਸੀ, ਉਸ ਨੇ ਉਸ ਨੂੰ ਦੂਜੇ ਵਾਰ ਦਾ ਮੌਕਾ ਨਾ ਦਿਤਾ ਤੇ ਨੇਜ਼ੇ ਨਾਲ ਉਸਦੀ ਬਾਂਹ ਜ਼ਖਮੀ ਕਰ ਦਿਤੀ, ਬਾਜ਼ੀਦ ਖ਼ਾਨ ਹੋਰ ਚਮਕਿਆ ਤੇ ਫਿਰ ਬਾਜ਼ ਸਿੰਘ ਤੇ ਹਮਲਾ ਕੀਤਾ, ਪਰ ਫ਼ਤਹ ਸਿੰਘ ਹੁਣ ਬਿਲਕੁਲ ਉਸ ਦੇ ਸਿਰ ਜਾ ਚੜ੍ਹਿਆ ਤੇ ਉਸ ਨੂੰ ਕੁਝ ਕਰਨ ਤੋਂ ਪਹਿਲਾਂ ਹੀ ਮੁਹਲਕ ਜ਼ਖਮ ਲਾ ਕੇ ਜ਼ਮੀਨ ਤੇ ਸੁਟ ਲਿਆ। ਸਰਦਾਰਾਂ ਦੇ ਡਿਗਣ ਨਾਲ ਮੁਸਲਮਾਨੀ ਫ਼ੌਜ ਵਿਚ ਬੇਦਿਲੀ ਫੈਲ ਗਈ ਤੇ ਉਹ ਭਜ ਨਿਕਲੀ। ਪਿਛੋਂ ਸ਼ਹਿਦਾਦ ਖ਼ਾਨ ਦੇ ਆ ਜਾਣ ਨਾਲ ਪਠਾਣਾਂ ਨੂੰ ਕੁਝ ਹੌਸਲਾ ਹੋ ਗਿਆ ਤੇ ਬੜੀ ਮੁਸ਼ਕਲ ਨਾਲ ਸਰਦਾਰਾਂ ਦੀਆਂ ਲਾਸ਼ਾਂ ਸਿੰਘਾਂ ਤੋਂ ਵਾਪਸ ਲੈ ਸਕੇ। ਬਾਜ਼ੀਦ ਖ਼ਾਨ ਤਿੰਨ ਦਿਨ ਬਾਅਦ ਰਾਇਪੁਰ ਹੀ ਮਰ ਗਿਆ। ਦੋਹਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਆਬਾਈ ਸ਼ਹਿਰ ਕਸੂਰ ਭੇਜੀਆਂ ਗਈਆਂ, ਜਿਥੇ ਉਹ ਦਫ਼ਨ ਕੀਤੇ ਗਏ।


www.AKJ.Org

## ਸੁਲਤਾਨਪੁਰ-ਲੋਧੀ ਵਿਖੇ ਨਿਰੰਕਾਰੀ ਪੁਰਬ ਤੇ ਸਾਲਾਨਾ ਅਖੰਡ ਕੀਰਤਨ ਸਮਾਗਮ

ਜਲੰਧਰ ਦੀ ਸੰਗਤ ਵਲੋਂ ਬਾਬਾ ਜਗਤਾਰ ਸਿੰਘ ਜੀ ਦੇ ਸਹਿਯੋਗ ਨਾਲ ਐਤਕੀ ਇਹ ਪ੍ਰੋਗਰਾਮ ਗੁਰੂ ਨਾਨਕ ਪਾਤਿਸ਼ਾਹ ਦੀ ਚਰਨ-ਛੁਹ-ਪ੍ਰਾਪਤ ਪਵਿਤਰ ਧਰਤੀ ਸੁਲਤਾਨਪੁਰ ਵਿਖੇ ਹੋ ਰਿਹਾ ਹੈ।

| | | |
|---|---|---|
| 31.10.90 | ਸਵੇਰੇ 3 ਤੋਂ 5 ਕੀਰਤਨ ਆਸਾ ਦੀ ਵਾਰ ਉਪਰੰਤ ਅਖੰਡਪਾਠ ਅਰੰਭ | ਗੁਰਦਵਾਰਾ ਸੰਤ ਘਾਟ |
| | ਸ਼ਾਮ 6-30 ਤੋਂ 9-30 ਸੋਦਰ ਤੇ ਅਖੰਡ ਕੀਰਤਨ | ਗੁਰਦੁਆਰਾ ਅੰਤਰਜਾਮਤਾ |
| 1.11.90 | ਸਵੇਰੇ 6-00 ਤੋਂ 11-00 ਅਖੰਡ ਕੀਰਤਨ | ਗੁਰਦੁਆਰਾ ਸੰਤ ਘਾਟ |
| | ਸ਼ਾਮ 6-30 ਤੋਂ 9-30 ਸੋਦਰ ਤੇ ਅਖੰਡ ਕੀਰਤਨ | ਗੁਰਦਵਾਰਾ ਬੇਰ-ਸਾਹਿਬ |

2.11.90 ਸਵੇਰੇ 5 ਵਜੇ ਭੋਗ ਸ੍ਰੀ ਅਖੰਡਪਾਠ, ਉਪ੍ਰੰਤ ਕੀਰਤਨ ਦੁਪਹਿਰ ਤਕ, ਸ਼ਾਮ 6 ਵਜੇ ਅੰਮ੍ਰਿਤ-ਸਿੰਚਾਰ ਸਮਾਗਮ, ਰਾਤ ਨੂੰ ਸੋਦਰ ਤੋਂ ਉਪ੍ਰੰਤ ਰੈਣ ਸਬਾਈ ਕੀਰਤਨ ਅਰੰਭ ਗੁਰਦਵਾਰਾ ਸੰਤ ਘਾਟ ਵਿਖੇ। ਸਮਾਪਤੀ 3 ਨਵੰਬਰ ਸਵੇਰੇ।

ਨੋਟ—ਰਿਹਾਇਸ਼ ਤੇ ਲੰਗਰ ਗੁਰਦਵਾਰਾ ਅੰਤਰਜਾਮਤਾ ਵਿਖੇ। ਬਿਸਤਰੇ ਲੋੜ ਮੁਜਬ ਨਾਲ ਲਿਆਓ ਜੀ।

ਪੁਛ ਗਿਛ : ਮੈਂ: ਜਸਵੰਤ ਸਿੰਘ ਹਰਭਜਨ ਸਿੰਘ, ਚੋਕ ਭਗਤ ਸਿੰਘ, ਜਲੰਧਰ ਫ਼ੋਨ 56856
ਕਰਨਲ ਦਲਜੀਤ ਸਿੰਘ, ਮਿਠਾਪੁਰ, ਜਲੰਧਰ ਫੋਨ 57970

ਦਾਸਰੇ
ਅਖੰਡ ਕੀਰਤਨੀ ਜਥਾ ਜਲੰਧਰ

## ਬਾਊ ਮੱਲ ਸਿੰਘ ਜੀ ਦੀ ਯਾਦ ਵਿਚ ਸਾਲਾਨਾ ਸਮਾਗਮ ਅੰਮ੍ਰਿਤਸਰ ਵਿਚ

ਰੰਗਲੇ ਸਜਣ ਬਾਊ ਮੱਲ ਸਿੰਘ ਜੀ ਦੀ ਬਰਸੀ ਦੇ ਸੰਬੰਧ ਵਿਚ ਉਨ੍ਹਾਂ ਦੇ ਸਪੁਤਰ ਕਰਨਲ ਕੁਲਵੰਤ ਸਿੰਘ ਦੇ ਗ੍ਰਿਹ 40 -ਰਾਣੀ ਕਾ ਬਾਗ ਵਿਖੇ 12 ਤੋਂ 14 ਅਕਤੂਬਰ ਸ੍ਰੀ ਅਖੰਡਪਾਠ, ਉਪਰੰਤ ਸਵੇਰੇ 6 ਤੋਂ 11 ਤਕ ਕੀਰਤਨ।

## ਮੋਗਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰ-ਗਦੀ ਦਿਵਸ

18.10.90 ਸਵੇਰੇ 5 ਤੋਂ 7 ਕੀਰਤਨ ਉਪ੍ਰੰਤ ਸ੍ਰੀ ਅਖੰਡਪਾਠ ਅਰੰਭ ਗੁ: ਬੀਬੀ ਕਾਹਨ ਕੌਰ, 19.10,90 ਸਵੇਰੇ 6 ਤੋਂ 9 ਕੀਰਤਨ ਗੁ: ਬਾਬਾ ਮੱਲ ਸਿੰਘ ਪੁਰਾਣਾ ਮੋਗਾ, ਸ਼ਾਮ 5 ਤੋਂ 8 ਚੌਕੀ ਸੋਦਰ ਗੁ: ਕਰਤਾਰ ਭਵਨ, 20.10.90 ਸਵੇਰੇ ਭੋਗ ਸ੍ਰੀ ਅਖੰਡਪਾਠ ਉਪ੍ਰੰਤ 12 ਵਜੇ ਤਕ ਕੀਰਤਨ। ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਰਾਤ ਨੂੰ ਸੋਦਰ ਦੇ ਨਾਲ। ਰਿਹਾਇਸ਼, ਅੰਮ੍ਰਿਤ ਸਿੰਚਾਰ ਤੇ ਲੰਗਰ ਗੁਰਦੁਆਰਾ ਬੀਬੀ ਕਾਹਨ ਕੌਰ ਮੋਗਾ ਵਿਖੇ। ਦਾਸਰੇ—ਅਖੰਡ ਕੀਰਤਨੀ ਜਥਾ ਮੋਗਾ

## ਚੰਡੀਗੜ੍ਹ ਸ੍ਰੀ ਗੁਰੂ ਸਿੰਘ ਸਭਾ ਸੈਕਟਰ 19-ਡੀ. ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰ-ਗਦੀ ਗੁਰਪੁਰਬ

18.10.90 ਸਵੇਰੇ 3 ਤੋਂ 5 ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ, ਸ਼ਾਮ 5-30 ਤੋਂ 8 ਚੌਕੀ ਸੋਦਰ, 19.10.90 ਸਵੇਰੇ 5 ਤੋਂ 10 ਕੀਰਤਨ ਆਸਾ ਦੀ ਵਾਰ, ਸ਼ਾਮ 5-30 ਤੋਂ 8 ਚੌਕੀ ਸੋਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ ਸੈਕਟਰ 28 ਵਿਖੇ, 20.10.90 ਸਵੇਰੇ ਭੋਗ ਸ੍ਰੀ ਅਖੰਡਪਾਠ ਉਪ੍ਰੰਤ ਕੀਰਤਨ ਦੁਪਹਿਰ ਇਕ ਵਜੇ ਤਕ। ਸ਼ਾਮ 6 ਵਜੇ ਅੰਮ੍ਰਿਤ ਸਿੰਚਾਰ, ਸੋਦਰ ਚੌਕੀ ਅਤੇ ਰੈਣ ਸਬਾਈ ਕੀਰਤਨ ਅਰੰਭ। ਰਿਹਾਇਸ਼ ਲੰਗਰ ਗੁ: ਸ੍ਰੀ ਸਿੰਘ ਸਭਾ ਸੈਕਟਰ 19-ਡੀ ਵਿਖੇ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ। ਦਾਸਰੇ—ਅਖੰਡ ਕੀਰਤਨੀ ਜਥਾ ਚੰਡੀਗੜ੍ਹ-ਮੋਹਾਲੀ

## ਬਠਿੰਡਾ ਸ੍ਰੀ ਗੁਰੂ ਸਿੰਘ ਸਭਾ ਵਿਖੇ 27 ਅਕਤੂਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ

## ਪਿੰਡ ਤਰਸਿੱਕਾ ਡੇਰਾ ਭਗਤਾਂ ਵਿਚ 24 ਨਵੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ ਤੇ ਹੋਰ ਸਮਾਗਮ

(1) ਮੇਨ ਸਮਾਗਮ ਕੀਰਤਨ ਰੈਣ ਸਬਾਈ 20-10-90 ਨੂੰ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, 100 ਨਾਰਥ ਸਟਰੀਟ, ਬਾਰਕਿੰਗ, ਲੰਡਨ ਈਸਟ। ਗੁਰਦਵਾਰਾ ਫ਼ੋਨ : 081-594-394, ਭਾ: ਗਿਆਨ ਸਿੰਘ 081-984-1921

(2) ਲੋਕਲ ਸਮਾਗਮ ਸ੍ਰੀ ਅਖੰਡ ਪਾਠ 26-10-90 ਤੋਂ 28-10-90 ਬੀਬੀ ਰਾਜਿੰਦਰ ਕੌਰ, 149-ਲੇਂਡਰ ਰੋਡ, ਸਟਾਕਵੈਲ 3 W 9, ਲੰਡਨ ਦੇ ਗ੍ਰਿਹ ਵਿਖੇ। ਫੋਨ 071-733-6066

(3) ਲੋਕਲ ਸਮਾਗਮ ਸ੍ਰੀ ਅਖੰਡ ਪਾਠ 9-11 ਤੋਂ 11-11-90 ਭਾਈ ਅਮਰਬੀਰ ਸਿੰਘ ਸਪੁੱਤਰ ਸ: ਮਨੋਹਰ ਸਿੰਘ ਸੰਘਾ, 3-ਤਵੈਨਸਡਾਲੇ ਐਵੇਨਿਊ, ਗੁਰਦਵਾਰਾ ਨੀਊ ਸਟਰੀਟ, ਲਮਿੰਗਨ-ਸਪਾ ਦੇ ਗ੍ਰਿਹ ਵਿਖੇ। ਫੋਨ 0926-424297

www.AKJ.Org